Digitized by Arya Samaj Foundation Chennai and eGangotri



ਮੁਨਸ਼ੀ ਰਾਮ 'ਹਸਰਤ'

ਹਸਰਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



—ਲੇਖਕ—

ਇਹ ''ਹਸਰਤਾਂ'' ਭੋਲੀਆਂ
ਭਾਲੀਆਂ ਨੇ,
ਪਰਦੇ ਕੱਜ ਲੈ,
ਇਨ੍ਹਾਂ ਦੀ ਦੱਖ ਰੱਖ ਲੈ ।

ਕਰਨਾ ਇਹਨਾਂ ਨਿਮਾਣੀਆਂ
ਉਜਰ ਕਾਹਦਾ,
ਮੁਲ ਕੱਖ ਰਖ ਲੈ,
ਭਾਵੇਂ ਲੱਖ ਰਖ ਲੈ ।

●

ਪਹਿਲੀ ਵਾਰ
੧੯੭੮

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

स्टाक प्रमाणीकरण १९८२-८३

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹ ਸ ਰ ਤਾਂ

Munshi Ram Hasrat

ਮੁਨਸ਼ੀ ਰਾਮ 'ਹਸਰਤ'

Munshi Ram Hasrat
7, Bhagat Singh Market
New Delni-110001

ਪ੍ਰਕਾਸ਼ਕ :

ਕੇਂਦਰੀ ਪੰਜਾਬੀ ਸਾਹਿਤ ਸੰਮੇਲਨ, ਦਿੱਲੀ-੬੦

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭ ਹੱਕ ਰਾਖਵੇਂ ਹਨ

ਪਹਿਲੀ ਵਾਰ

੧੯੭੭

ਮੁੱਲ : ੫)

ਪ੍ਰਿੰਟਰ : ਜਨਤਕ ਪ੍ਰੈਸ,
੧੫੯, ਲਾਜਪਤ ਰਾਇ ਮਾਰਕੀਟ,
ਚਾਂਦਨੀ ਚੌਕ, ਦਿੱਲੀ-੧੧੦੦੦੬

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਰਪਣ :

ਆਪਣੇ ਪੂਜਨੀਕ ਮਾਤਾ ਪਿਤਾ ਜੀ

ਨੂੰ

ਜੋ ਮੈਨੂੰ ਬਾਲੜੀ ਉਮਰੇ

ਸਦੀਵੀ ਵਿਛੋੜਾ

ਦੇ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

''ਅਕੀਦਤ''

ਪੰਡਤ ਮੁਨਸ਼ੀ ਰਾਮ ਜੀ 'ਹਸਰਤ' ਦਿੱਲੀ ਦੀਆਂ ਮਹਿਫਲਾਂ ਦਾ ਸ਼ਿੰਗਾਰ ਹਨ। ਦਿੱਲੀ ਦੇ ਉਰਦੂ ਅਤੇ ਪੰਜਾਬੀ ਸਾਹਿਤਕ ਖੇਤਰ ਵਿਚ ਆਪ ਦਾ ਆਪਣਾ ਵਿਸ਼ੇਸ਼ ਅਸਥਾਨ ਹੈ। ਪੰਜਾਬ ਦੀ ਧਰਤੀ ਨੇ ਕੋਈ ਟਾਵਾਂ ਹੀ ਐਸਾ ਲਾਲ ਪੈਦਾ ਕੀਤਾ ਹੋਵੇਗਾ ਜਿਸ ਦਾ ਪੰਜਾਬੀ ਅਤੇ ਉਰਦੂ ਕਵਿਤਾ ਉਤੇ ਇਕੋ ਵਕਤ ਬਰਾਬਰ ਦਾ ਗ਼ਲਬਾ ਰਿਹਾ ਹੋਵੇ। ਪੰਜਾਬੀ ਮਹਿਫਲ ਆਪ ਬਿਨਾਂ ਬੇਸਵਾਦੀ ਅਤੇ ਅਲੂਣੀ ਜਿਹੀ ਅਤੇ ਉਰਦੂ ਮਹਿਫ਼ਲ ਇਹਨਾਂ ਬਿਨਾਂ ਸੁੰਨੀ ਸੁੰਨੀ ਤੇ ਫਿੱਕੀ ਫਿੱਕੀ। 'ਹਸਰਤ' ਜੀ ਦਾ ਉਰਦੂ ਨਾਲ ਜਿਥੇ ਗੂਹੜਾ ਯਰਾਨਾ ਹੈ ਉਥੇ ਆਪਣੀ ਮਾਂ-ਬੋਲੀ ਪੰਜਾਬੀ ਨਾਲ ਇਹਨਾਂ ਦਾ ਪਿਆਰ ਤੇ ਸਤਿਕਾਰ ਬੜਾ ਮਿੱਠਾ, ਸੰਘਣਾ ਤੇ ਨਿੱਘਾ ਹੈ।

ਪੰਡਤ ਮੁਨਸ਼ੀ ਰਾਮ ਜੀ ਜ਼ਿਲਾ ਗੁਜਰਾਂਵਾਲਾ ਦੇ ਜੰਮਪਲ ਹਨ ਤੇ ਵੰਡਾਰੇ ਦੇ ਤੂਫਾਨੀ ਬੁੱਲੇ ਨੇ ਆਪ ਨੂੰ ਇਕ ਸ਼ਰਨਾਰਥੀ ਦੇ ਰੂਪ ਵਿਚ ਦਿੱਲੀ ਲਿਆ ਸੁਟਿਆ। ਠੇਠ ਪੰਜਾਬੀ ਦੇ ਆਪ ਜਮਾਂਦਰੂ ਵਾਰਸ ਹਨ। ਕਵਿਤਾ ਜਦ ਆਪ ਨੂੰ ਨਾਜ਼ਲ ਹੁੰਦੀ ਹੈ ਤਾਂ ਉਸ ਸਮੇਂ ਆਪ ਨੂੰ ਢੁਕਵੇਂ ਸ਼ਬਦ ਢੂੰਡਣੇ ਨਹੀਂ ਪੈਂਦੇ ਅਤੇ ਨਾ ਹੀ ਘੜਨੇ ਪੈਂਦੇ ਹਨ। ਚੁਸਤ ਸ਼ਬਦ ਆਪਣੇ ਆਪ ਫੁਰਦੇ ਤੇ ਆਪ ਦੀ ਜ਼ਬਾਨ ਤੇ ਨਚਦੇ ਟਪਦੇ ਹਨ। ਉਹ ਕਵੀ ਜੋ ਢੁਕਵੇਂ ਸ਼ਬਦਾਂ ਦੀ ਘਾਟ ਕਾਰਨ ਹਿੰਦੀ ਯਾ ਉਰਦੂ ਵਲ ਦੌੜਦੇ ਤੇ ਹੁਦਾਰ ਮੰਗਦੇ ਫਿਰਦੇ ਹਨ, ਉਹਨਾਂ ਨੂੰ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
'ਹਸਰਤ' ਸਾਹਿਬ ਦੀਆਂ ''ਹਸਰਤਾਂ'' ਵਿਚੋਂ ਬਹੁਤ ਵੱਡਾ ਸ਼ਬਦਾਵਲੀ ਭੰਡਾਰ ਮਿਲੇਗਾ।

ਗ਼ਜ਼ਲ ਦੇ ਅਰਥ ਲੁਗਾਤ ਮੁਤਾਬਕ ਹਨ : ''ਬਾ ਜ਼ਨਾਂ ਸੁਖ਼ਨ ਗੁਫ਼ਤਨ''। ਇਹ ਗੱਲ ਤਾਂ ਪੰਜਾਬੀਆਂ ਦੇ ਸੁਭਾ ਵਿਚ ਹੀ ਨਹੀਂ ਮਿਲਦੀ, ਭਾਵੇਂ ਤਲੀ ਤੇ ਦੀਵਾ ਧਰ ਕੇ ਢੂੰਡਦੇ ਫਿਰੀਏ। ਇਹੋ ਕਾਰਨ ਹੈ ਕਿ ਪੰਜਾਬੀ ਕਵੀ ਗ਼ਜ਼ਲ ਤੋਂ ਕੋਹਾਂ ਦੂਰ ਦੂਰ ਰਹੇ। ਫੇਰ ਉਰਦੂ ਗ਼ਜ਼ਲ ਨੂੰ ਬਹੁਤਾ ਕੰਜਰਾਂ ਦੇ ਚੁਬਾਰਿਆਂ ਤੇ ਗਾਇਆ ਜਾਂਦਾ ਸੀ ਤੇ ਲਖਨਊ ਆਦਿ ਉਤਰ ਪਰਦੇਸ਼ ਦੇ ਵਡੇ ਵਡੇ ਨਗਰਾਂ ਵਿਚ ਗ਼ਜ਼ਲ, ਬਾਈਆਂ ਦੀ ਝਾਂਜਰ ਦੀ ਦਾਸੀ ਬਣੀ ਹੋਈ ਸੀ, ਇਸ ਲਈ ਪੰਜਾਬੀ ਕਵੀ ਇਹਦੇ ਪਰਛਾਵੇਂ ਤੋਂ ਦੂਰ ਦੂਰ ਹੀ ਰਹਿੰਦੇ ਸਨ। ਆਖਰ ਇਕ ਪੰਜਾਬ ਦੀ ਅਣਖੀਲੀ ਧਰਤੀ ਨੇ ਕੌਮਾਂਤਰੀ ਸ਼ੁਹਰਤ ਦਾ ਮਹਾਨ ਸਾਹਿਤਕਾਰ ਪੂਜ ਭਾਈ ਨੰਦ ਲਾਲ ਜੀ 'ਗੋਯਾ' ਪੈਦਾ ਕੀਤਾ ਜਿਸ ਔਰੰਗਜ਼ੇਬ ਦੇ ਰਾਜ ਵਿਚ ਗ਼ਜ਼ਲ ਨੂੰ ਨਵਾਂ ਮਰਦਾਊ ਰੂਪ ਦਿਤਾ ਤੇ ਸਭ ਤੋਂ ਪਹਿਲਾਂ ਜ਼ਨਾਨੀ ਦੀ ਥਾਂ ਇਕ ''ਮਰਦ ਅਗੰਮੜੇ'' ਨਾਲ ਸ਼ਰਧਾ ਤੇ ਪ੍ਰੇਮ-ਭਗਤੀ ਦੀਆਂ ਗੱਲਾਂ ਕਰ ਕੇ ਇਸ਼ਕ ਮਜਾਜ਼ੀ ਨੂੰ ਇਸ਼ਕ ਹਕੀਕੀ ਵਿਚ ਬਦਲ ਕੇ ਰਖ ਦਿਤਾ ਤੇ ਫ਼ਾਰਸੀਦਾਨ ਸ਼ਾਇਰਾਂ ਨੂੰ ਦੰਦਾਂ ਹੇਠ ਜੀਭ ਲੈਣ ਤੇ ਮਜਬੂਰ ਕਰ ਦਿਤਾ। ਗ਼ਜ਼ਲ ਦਾ ਵਹਿਣ ਹੀ ਪਲਟ ਗਿਆ। ਫ਼ਾਰਸੀ ਦੇ ਬੜੇ ਬੜੇ ਆਲਮ ਮੁਗ਼ਲ ਰਾਜ ਦੇ ਅਰੂਜ਼ ਵਿਚ ਭਾਈ ਸਾਹਿਬ ਦੀਆਂ ਗ਼ਜ਼ਲਾਂ ਨੂੰ ਸੁਣ ਵਜਦ ਵਿਚ ਆ ਝੂਮ ਉਠੇ।

ਪੰਜਾਬੀ ਕਵੀਆਂ ਦਾ ਹਰਮਨ ਪਿਆਰਾ ਛੰਦ ਬੈਂਤ ਹੈ ਅਤੇ ਭਾਵੇਂ ਜਨਾਬ ਮੌਲਾ ਬਖ਼ਸ਼ ਸਾਹਿਬ 'ਕੁਸ਼ਤਾ' ਜੀ ਨੇ ਸਭ ਤੋਂ ਪਹਿਲਾਂ ਪੰਜਾਬੀ ਵਿਚ ਗ਼ਜ਼ਲ ਕਹਿ ਕੇ ਇਸ ਬੀਬੀ ਰਾਣੀ ਨੂੰ ਗੰਦੇ ਚੁਬਾਰਿਆਂ ਵਿਚੋਂ ਕਢ ਕੇ ਸਵੱਛ ਵਾਯੂਮੰਡਲ ਵਿਚ ਬੜੇ ਲਾਡਾਂ ਮਲ੍ਹਾਰਾਂ ਨਾਲ ਲਿਆਂਦਾ ਤੇ ਅਜ ਇਸ ਨੂੰ ਪੰਜਾਬੀ ਦੇ ਅਨੇਕਾਂ ਕਵੀਆਂ ਨੇ

CC-0. In Public Domain. Gurukul Kangri Collection, Haridwar

ਅਰਸ਼ ਦੇ ਕਿੰਗਰੇ ਤਕ ਪੁਚਾਇਆ ਹੈ, ਪਰ ਇਹ ਅਟੱਲ ਸਚਾਈ ਹੈ ਕਿ
Digitized by Arya Samaj Foundation Chennai and eGangotri
ਪੰਜਾਬੀ ਗ਼ਜ਼ਲ ਬੈਂਤ ਵਾਂਗ ਮਕਬੂਲ ਨਹੀਂ ਹੋ ਸਕੀ ਤੇ ਨਾ ਕੋਈ "ਵਾਰਸ" ਦਾ ਰੁਤਬਾ ਪਾ ਹੀ ਸਕੇਗਾ।

ਹਾਂ, 'ਹਸਰਤ' ਸਾਹਿਬ ਨੇ ਜ਼ਮਾਨੇ ਤੋਂ ਅਡਰਾ ਚਲਣਾ ਜ਼ਰੂਰ ਪਸੰਦ ਕਰ ਰਖਿਆ ਹੈ। ਆਪ ਚਲਣ ਵੀ ਕਿਉਂ ਨਾ, ਤਿੰਨ ਕੋਮਲ ਹੁਨਰਾਂ ਦੇ ਮਾਲਕ ਜੋ ਹੋਏ, ਭਾਵ ਕਵਿਤਾ, ਸੰਗੀਤ ਤੇ ਚਿਤਰਕਾਰੀ। ਕਿੰਨੇ ਕੁ ਧਰਤੀ ਦੀ ਕੁੱਖ ਨੇ ਐਸੇ ਜੌਹਰ ਪੈਦਾ ਕੀਤੇ ਹਨ ਜੋ ਤਿੰਨੋਂ ਸੋਹਲ ਤੇ ਕੋਮਲ ਹੁਨਰਾਂ ਦੇ ਉਤੇ ਛਾਏ ਹੋਏ ਹੋਣ ? 'ਹਸਰਤ' ਜੀ ਪਹਿਲੇ ਕਵੀ ਹਨ ਜਿਨ੍ਹਾਂ ਆਪਣੀਆਂ ਗ਼ਜ਼ਲਾਂ ਵਿਚ ਬੈਂਤ ਦੀ ਰੰਗਤ ਭਰ ਕੇ ਪੰਜਾਬੀ ਗ਼ਜ਼ਲ ਨੂੰ ਨਵੀਂ ਨਰੋਈ ਨੁਹਾਰ ਬਖਸ਼ੀ ਹੈ। ਆਪ ਇਕ ਸੁਚੱਜੇ ਫਰੂਟ ਸਪੈਸ਼ਲਿਸਟ ਵਾਂਗ ਇਕ ਫਲਦਾਰ ਬ੍ਰਿਛ ਤੋਂ ਇਕੋ ਵਕਤ ਦੋ ਦੋ ਫਲ ਲੈਂਦੇ ਹਨ। ਇਹੋ ਕਾਰਨ ਹੈ ਕਿ ਪੰਜਾਬੀ ਮਹਿਫ਼ਲਾਂ ਆਪ ਦੀਆਂ ਗ਼ਜ਼ਲਾਂ ਸੁਣ ਤੜਫ ਉਠਦੀਆਂ ਹਨ।

ਫੇਰ ਆਪ ਇਕ ਗੁਰ-ਸਿਖ ਹੋਣ ਦੇ ਨਾਤੇ ਨਿਮਰਤਾ ਦਾ ਪੱਲਾ ਨਹੀਂ ਛਡਦੇ। ਆਪ ਨੇ ਵਾਰਸ ਵਾਂਗ ਆਪਣੀ ਕਵਿਤਾ ਨੂੰ ਖਰਾਸ ਦਾ ਪੀਸਨਾ ਨਹੀਂ ਕਿਹਾ ਤੇ ਨਾ ਹੀ ਗ਼ਾਲਿਬ ਵਾਂਗ ਆਪਣਾ ਤਰਜ਼ੇ ਬਿਆਂ ਵਖਰਾ ਦਸਿਆ ਹੈ। ਗ਼ਜ਼ਲ ਨੂੰ ਪੰਜਾਬੀ ਪਹਿਰਾਵਾ ਸੋਹਣਾ ਚੁਕਵਾਂ ਤੇ ਫੱਬ ਫੱਬ ਪੈਂਦਾ ਜ਼ਰੂਰ ਪਹਿਨਾ ਦਿਤਾ ਹੈ ਤੇ ਇਸ਼ਕ ਮੁਸ਼ਕ ਤੋਂ ਉਚੇਰੇ ਹੋ ਕੇ ਸੁਲਝੇ ਢੰਗ ਨਾਲ ਕਾਫੀਆ-ਰਦੀਫ਼ ਤੇ ਵਜ਼ਨ-ਤੋਲ ਵਿਚ ਪੂਰੇ, ਧੋਤੇ, ਮਾਂਜੇ ਤੇ ਲਿਸ਼ਕਾਏ ਹੋਏ, ਦਿਲ ਵਿਚ ਧਸਦੇ ਜਾਂਦੇ, ਖਿਆਲ ਪੇਸ਼ ਕੀਤੇ ਹਨ।

ਮੈਨੂੰ ਪੂਰਨ ਭਰੋਸਾ ਹੈ ਕਿ 'ਹਸਰਤ' ਸਾਹਿਬ ਦੀਆਂ 'ਹਸਰਤਾਂ' ਦਾ ਸਾਹਿਤਕ ਖੇਤਰ ਵਿਚ ਸ਼ਾਹਾਨਾ ਸਵਾਗਤ ਹੋਵੇਗਾ ਤੇ ਆਪ ਦੀਆਂ ਗ਼ਜ਼ਲਾਂ ਅਕੀਦਤ ਨਾਲ ਪੜ੍ਹੀਆਂ ਜਾਣਗੀਆਂ।

ਨਵੀਂ ਦਿੱਲੀ
੧੮ ਸਤੰਬਰ, ੧੯੭੭ — ਮਾਨ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

‘ਗੈਰ ਕਬੂਲ ਉਫ਼ਤਦ.....

ਪੰਡਤ ਮੁਨਸ਼ੀ ਰਾਮ ‘ਹਸਰਤ’ ਕੇ ਦਿਲ ਮੇਂ ਸ਼ਾਇਦ ਕੋਈ ਔਰ ਹਸਰਤ ਹੋ ਤੋ ਹੋ, ਸ਼ੇਅਰੀ ਮੁਹਾਸਿਨ ਸੇ ਉਨ ਕਾ ਦਾਮਨ ਭਰਪੂਰ ਹੈ। ਆਪ ਉਰਦੂ ਮੇਂ ਭੀ ਸ਼ੇਅਰ ਕਹਿਤੇ ਹੈਂ ਔਰ ਪੰਜਾਬੀ ਮੇਂ ਭੀ। ਮੁਝੇ ਉਨ ਕੇ ਦੋਨੋਂ ਜ਼ਬਾਨੋਂ ਕਾ ਕਲਾਮ ਸੁਨਨੇ ਔਰ ਪੜ੍ਹਨੇ ਕੀ ਸਆਦਤ ਮਿਲੀ ਹੈ। ਮੈਂ ਉਨ੍ਹੇਂ ਬੁਨਿਆਦੀ ਤੌਰ ਪਰ ਪੰਜਾਬੀ ਕਾ ਸ਼ਾਇਰ ਸਮਝਤਾ ਹੂੰ ਕਿਉਂਕਿ ਪੰਜਾਬੀ ਉਨਕੀ ਮਾਦਰੀ ਭਾਸ਼ਾ ਹੈ ਔਰ ਇਸ ਮੇਂ ਵੋਹ ਹਰ ਖਿਆਲ ਕੋ ਸ਼ੇਅਰੀ ਸਾਂਚੇ ਮੇ ਸਮੋ ਲੇਨੇ ਕੀ ਪੂਰੀ ਕੁਦਰਤ ਰਖਤੇ ਹੈਂ।

ਕੋਈ ਪੰਜਾਬੀ ਕਾ ਸ਼ਾਇਰ ਹੋ, ਉਰਦੂ ਕਾ ਹੋ ਯਾ ਕਿਸੀ ਔਰ ਜ਼ਬਾਨ ਕਾ, ਸਿਰਫ ਜ਼ਬਾਨ ਕੀ ਤਖ਼ਸੀਸ ਕਿਸੀ ਸ਼ਾਇਰ ਕੋ ਅਰਫੇ ਨਹੀਂ ਬਨਾ ਸਕਤੀ। ਕਿਸੀ ਸ਼ਾਇਰ ਕੀ ਰਿਫਅਤ ਕਿਸੀ ਜ਼ਬਾਨ ਕੀ ਮੁਹਤਾਜ ਨਹੀਂ। ਉਸ ਕੋ ਊਚਾ ਬਨਾਨੇ ਵਾਲੀ ਚੀਜ਼ ਹੈ ਉਸ ਕਾ ‘‘ਜ਼ੌਕੇ ਸ਼ੇਅਰ’’। ਕਿਸੀ ਤਬੀਅਤ ਮੇਂ ‘‘ਜ਼ੌਕੇ ਸ਼ੇਅਰ’’ ਜਿਤਨਾ ਹੁਸੀਨ ਜਿਤਨਾ ਨਫ਼ੀਸ, ਜਿਤਨਾ ਸਿਹਤਮੰਦ ਹੋਗਾ, ਉਤਨਾ ਹੀ ਵੋਹ ਉਸਕ ਜ਼ਬਾਨ ਕੋ, ਚਾਹੇ ਵੋਹ ਕੋਈ ਭੀ ਜ਼ਬਾਨ ਹੋ, ਅਪਨੇ ਆਪ ਖੁਸ਼ਗਵਾਰ ਔਰ ਦਿਲ ਆਵੇਜ਼ ਬਨਾ ਦੇਤਾ ਹੈ। ਮੈਂ ਤਸਲੀਮ ਕਰਤਾ ਹੂੰ ਕਿ ਜ਼ਬਾਨ-ਓ-ਬਿਆਨ ਔਰ ਜਜ਼ਬਾ-ਓ-ਖ਼ਿਆਲ ਸ਼ੇਅਰ ਕੇ ਦੋ ਜ਼ਰੂਰੀ ਅਨਸਰ ਹੈਂ। ਸ਼ੇਅਰ ਕੇ ਲੀਏ ਸਿਹਤੇ ਜ਼ੁਬਾਂ ਬੇਹਦ ਜ਼ਰੂਰੀ ਹੈ ਲੇਕਿਨ‘‘ਸ਼ੇਅਰੀਅਤ’’ ਕੇ ਬਗ਼ੈਰ ਖੂਬੀਏ ਜ਼ੁਬਾਂ ਭੀ ਤੋ ਏਕ ਖੁਸ਼ਨੁਮਾ ਡਿੱਬਾ ਹੈ ਜਿਸ ਮੇਂ ਘਾਸ ਭਰੀ ਹੁਈ ਹੋ।

‘ਹਸਰਤ’ ਸ਼ਾਇਰ ਹੈਂ। ਹੁਸੀਨ ਖਿਆਲਾਤੋ-ਜਜ਼ਬਾਤ ਕੇ ਸ਼ਾਇਰ, ਉਨ ਕੇ ਹੁਸਨੇ ਖਿਆਲ ਨੇ ਉਨ ਕੀ ਜ਼ਬਾਨ ਕੋ ਭੀ ਚਾਹੇ ਵੋਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਰਦੂ ਹੈ ਜਹਾਂ ਪੰਜਾਬੀ ਬੋਲ ਚਾਲ ਦਿਲ ਅਦੇਜੀ ਹੈ।

ਇਸ ਵਕਤ ਮੇਰੀ ਨਜ਼ਰੋਂ ਕੇ ਸਾਹਮਨੇ ਉਨਕੀ ਪੰਜਾਬੀ ਗਜ਼ਲਿਯਾਤ ਕਾ ਮਜਮੂਹਾ ਹੈ, ਆਜ ਸੇ ਕੁਛ ਸਾਲ ਪਹਿਲੇ ਪੰਜਾਬੀ ਸ਼ਾਇਰੀ ਮੇਂ "ਗ਼ਜ਼ਲ" ਨਾਮ ਕੀ ਕੋਈ ਸਿਨਫ ਮਰੱਵਜ ਨਾ ਥੀ, ਲੇਕਿਨ ਇਸ ਕਾ ਹਰਗਿਜ਼ ਯਹ ਮਤਲਬ ਨਹੀਂ ਕਿ ਪੰਜਾਬੀ ਜ਼ਬਾਨ ਤਗ਼ੱਜ਼ੁਲ ਸੇ ਮਹਰੂਮ ਥੀ। ਤਗ਼ੱਜ਼ੁਲ ਤੋਂ ਪੰਜਾਬੀ ਜ਼ਬਾਨ ਕੀ ਫਿਤਰਤੇ ਖਾਸ ਹੈ, ਜੋ ਇਸ ਕੇ ਏਕ ਏਕ ਮਿਸਰੇ (ਟੱਪੇ) ਸੇ ਕਿਸੀ ਖੁਦ-ਰੌ ਫੂਲ ਕੀ ਤਰ੍ਹਾ ਨੁਮਾਯਾਂ ਹੈ। ਔਰ ਗ਼ਾਲਬਨ ਯਹੀ ਵਜ੍ਹਾ ਹੈ ਕਿ ਜੂੰਹੀ ਪੰਜਾਬੀ ਸ਼ਾਇਰੋਂ ਨੇ ਇਸ ਸਿਨਫ ਕੀ ਤਰਫ ਤਵੱਜੋ ਕੀ, ਇਸੇ ਅਪਨੀ ਜ਼ਬਾਨ ਕੀ ਮਖ਼ਸੂਸ ਚਾਸ਼ਨੀ ਦੇ ਕਰ ਸ਼ਹਿਦ ਸੇ ਭੀ ਜ਼ਿਆਦਾ ਸ਼ੀਰੀਂ ਬਨਾ ਦੀਆ। 'ਹਸਰਤ' ਨੇ ਜਹਾਂ ਪੰਜਾਬੀ ਸ਼ਾਇਰੀ ਕੀ ਔਰ ਅਸਨਾਫ ਮੇਂ ਕਾਮਯਾਬ ਤਬ੍ਹਾ ਆਜ਼ਮਾਈ ਕੀ ਹੈ, ਸਿਨਫੇ ਗ਼ਜ਼ਲ ਮੇਂ ਭੀ ਖੂਬ ਖੂਬ ਜੌਹਰ ਦਿਖਾਏ ਹੈਂ।

ਗ਼ਜ਼ਲ ਕਾ ਜੌਹਰ ਹੈ, ਲਤਾਫ਼ਤੇ ਖਿਆਲ ਔਰ ਸਲਾਸਤੇ ਜ਼ਬਾਨ ਔਰ ਇਨ ਹੀ ਇਮਤਿਆਜ਼ੀ ਖੂਬੀਓਂ ਕੀ ਬਦੌਲਤ 'ਹਸਰਤ' ਸਾਹਿਬ ਕੀ ਗ਼ਜ਼ਲੀਯਾਤ ਨੇ ਮੁਸ਼ਾਇਰੋਂ ਮੇਂ ਭਰਪੂਰ ਦਾਦ ਪਾਈ ਹੈ। ਉਮੀਦ ਹੈ ਕਿ ਅਬ ਜਬ ਕੇ ਯੇ ਗ਼ਜ਼ਲੀਯਾਤ ਸਫਾਏ ਕ਼ਾਲਬ ਪਰ ਆ ਚੁਕੀਂ ਹੈਂ, ਕਾਇਰੀਨ ਮੇਂ ਯੇ ਹਰ ਤਰਹ ਪਸੰਦ ਕੀ ਜਾਏਂਗੀ। ਮੈਂ ਉਨ ਕੇ ਕਲਾਮ ਕੋ ਇਸ ਲੀਏ ਇੰਤਖ਼ਾਬ ਨਹੀਂ ਕਰਤਾ ਕਿਉਂਕਿ ਮੇਰੇ ਲੀਏ ਕਿਸੀ ਖ਼ਾਸ ਸੇਅਰ ਕਾ ਇੰਤਖ਼ਾਬ ਕਰ ਲੇਨਾ ਸਾਰੀ ਕਤਾਬ ਸੇ ਨਾਇਨਸਾਫ਼ੀ ਹੋਗੀ।

੨੭-੯-੧੯੩੭ ਉਲਫਤ ਐਮਨਾਬਾਦੀ

ਐਡੀਟਰ ਇੰਚਾਰਜ 'ਤੇਜ' ਵੀਕਲੀ ਦੇਹਲੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੇਹਿਸਾਬਾ ਹਿਸਾਬ ਲਾਇਆ ਏ ।
ਤੇਰੀ ਲੀਲ੍ਹਾ ਏ ਤੇਰੀ ਮਾਇਆ ਏ ।

ਤੂੰ ਹੀ ਪਰਦੇ ਤੇ ਪਰਦਾ ਪਾਇਆ ਏ ।
ਤੂੰ ਹੀ ਪਰਦੇ ਤੋਂ ਪਰਦਾ ਚਾਇਆ ਏ ।

ਅੱਖ ਟਿਕਦੀ ਨਹੀਂ ਕਿਸੇ ਸ਼ੈਅ ਤੇ,
ਕੌਣ ਸ਼ੀਸ਼ੇ ਨੂੰ ਵੇਖ ਪਾਇਆ ਏ ।

ਤੂੰ ਹੀ ਬੱਦਲਾਂ ਦੀ ਬੁੱਕਲੇ ਬਹਿ ਕੇ,
ਜ਼ੱਰੇ ਜ਼ੱਰੇ ਨੂੰ ਰੌਸ਼ਨਾਇਆ ਏ ।

ਕਿਉਂ ਭੁਆਈਆਂ ਨੇ ਨਰਗਸੀ ਅੱਖਾਂ,
ਜੇ ਤੂੰ ਨੂਰੀ ਲਿਬਾਸ ਪਾਇਆ ਏ ।

ਤੂੰ ਖ਼ਿਜ਼ਾਂ ਨੂੰ ਬਹਾਰ ਕਰ ਦਿਤਾ,
ਚਾਨਣਾ ਨ੍ਹੇਰ ਚੋਂ ਉਗਾਇਆ ਏ ।

ਉਹੋ ਰੰਗੇ ਨੇ ਤੇਰੇ ਰੰਗਾਂ ਵਿਚ,
ਤੂੰ ਹੀ ਜਿਨ੍ਹਾਂ ਨੂੰ ਰੰਗ ਲਾਇਆ ਏ ।

ਬਲਦੀ ਅੱਗ ਵਿਚ ਵੀ ਸੜ ਨਹੀਂ ਸਕਦਾ,
ਤੇਰੀ ਰਹਿਮਤ ਦਾ ਜਿਸ ਤੇ ਸਾਇਆ ਏ।

ਉਹਨਾਂ ਭਰੀਆਂ ਨੇ ਝੋਲੀਆਂ 'ਹਸਰਤ'
ਜਿਨ੍ਹਾਂ ਸ਼ਾਖਾਂ ਨੇ ਸਿਰ ਨਿਵਾਇਆ ਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਜ਼ਰਾਂ ਸਿਖਰ ਤੇ ਲਾ ਕੇ, ਬਹੁਤ ਸੋਚਦੇ ਰਹੇ ।
ਆਸਾਂ ਸਜਾ ਸਜਾ ਕੇ ਬਹੁਤ ਸੋਚਦੇ ਰਹੇ ।

ਨੂਰਾਂ 'ਚ ਭਿੱਜੀ ਰਾਤ ਦੇ ਬੋਝਲ ਖੁਮਾਰ 'ਚੋਂ,
ਭਰਮਾਂ ਦੇ ਭਾਰ ਚਾ ਕੇ ਬਹੁਤ ਸੋਚਦੇ ਰਹੇ।

ਕਿਸ ਨੂੰ ਸੁਣਾਂਦੇ ਉਜੜੇ ਹੋਏ ਆਹਲਣੇ ਦਾ ਹਾਲ,
ਤੀਲੇ ਉਠਾ ਉਠਾ ਕੇ ਬਹੁਤ ਸੋਚਦੇ ਰਹੇ।

ਦਿਲ ਦੇ ਤਰੇੜਾਂ ਖਾਧਿਆਂ ਚਾਵਾਂ ਦੇ ਕਰਮਹੀਣ,
ਸ਼ੀਸ਼ੇ ਘੁਮਾ ਘੁਮਾ ਕੇ ਬਹੁਤ ਸੋਚਦੇ ਰਹੇ ।

ਹੱਥਾਂ ਦੇ ਪਾਲਿਆਂ ਨੇ ਜੋ ਕੀਤੀਆਂ ਨਾ ਪੁਛ,
ਭੂਹੇ ਚੜ੍ਹਾ ਚੜ੍ਹਾ ਕੇ ਬਹੁਤ ਸੋਚਦੇ ਰਹੇ।

ਸ਼ਬਨਮ ਦੇ ਕਤਰੇ ਕਤਰੇ ਦੀ ਨੂਰੀ ਨੁਹਾਰ ਵਲ,
ਫੁੱਲਾਂ ਨੂੰ ਤੀਲੀ ਲਾ ਕੇ ਬਹੁਤ ਸੋਚਦੇ ਰਹੇ।

ਲਾਇਆ ਕਲੇਜੇ ਨਾਲ ਸੀ ਜਿਸ ਦਿਲ ਨੂੰ ਉਮਰ ਭਰ,
ਉਸ ਤੋਂ ਫਰੇਬ ਖਾ ਕੇ ਬਹੁਤ ਸੋਚਦੇ ਰਹੇ ।

ਮੰਜ਼ਲ ਤੇ ਪੁੱਜ ਕੇ ਵੀ ਨਾ ਆਏ ਸੁੱਖਾਂ ਦੇ ਸਾਹ,
ਦੁਬਧਾ 'ਚ ਜਾਨ ਪਾ ਕੇ ਬਹੁਤ ਸੋਚਦੇ ਰਹੇ ।

ਸਾਡੇ ਅਥਾਹ ਪਿਆਰ ਦਾ ਪਾਇਆ ਨਾ ਉਹਨੇ ਮੁੱਲ,
ਪੱਥਰ ਨੂੰ ਬੁੱਤ ਬਣਾ ਕੇ ਬਹੁਤ ਸੋਚਦੇ ਰਹੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੀ ਨਜ਼ਰ 'ਚ ਹੈਨ ਉਹ ਬੰਦੇ ਕਮਾਲ ਦੇ।
ਜਿਹੜੇ ਰਹੇ ਕ਼ਰਾਰਾਂ ਤੇ ਕੌਲਾਂ ਨੂੰ ਪਾਲਦੇ।

ਉਹਨਾਂ ਦੇ ਇਸ ਜਹਾਨ ਤੋਂ ਵਖਰੇ ਖਿਆਲ ਨੇ,
ਹੁੰਦੇ ਨਹੀਂ ਹਮਖਿਆਲ ਜੋ ਮੇਰੇ ਖ਼ਿਆਲ ਦੇ।

ਖੋਹੇ ਨੇ ਗ਼ਮ ਫਿਰਾਕ 'ਚ ਲਾ ਲਾ ਕੇ ਟੁਭੀਆਂ,
ਨੈਣਾਂ ਦੇ ਰਾਹੀਂ ਕੇਰੇ ਨੇ ਮੋਤੀ ਪਤਾਲ ਦੇ।

ਪੱਵਿਆ ਏ ਅੰਗ ਅੰਗ ਮੈਂ ਅਰਮਾਨ ਛਾਂਗ ਛਾਂਗ,
ਲੱਖਾਂ ਸੁਣੇ ਜਵਾਬ ਜਦ ਇਕੋ ਸਵਾਲ ਦੇ।

ਆਪਣੀ ਨਜ਼ਰ ਚੋਂ ਸਾਕੀਆ ਸਾਨੂੰ ਵੀ ਘੁਟ ਪਿਆ,
ਜੀਵੇਂ ਓ ਲਾਲਾਂ ਵਾਲਿਆ ਹੁਣ ਲਾਲ ਲਾਲ ਦੇ।

ਚੰਗੇ ਹਾਂ ਤਾਂ ਤੇਰੇ ਹਾਂ ਜੇ ਮੰਦੇ ਹਾਂ ਤਾਂ ਤੇਰੇ,
ਸਾਨੂੰ ਨਾ ਹੁਣ ਰਵਾਲ ਤੂੰ ਭਾਵੇਂ ਰਵਾਲ ਦੇ ।

ਨੈਣਾਂ ਨੇ ਜੇ ਉਡੀਕਾਂ ਦੀ ਝੱਲੀ ਨਾ ਹੁੰਦੀ ਝਾਲ,
ਫੁਟਦੇ ਨਾ ਸੋਮੇ ਉਹਨਾਂ ਚੋਂ ਦਿਲ ਦੇ ਉਬਾਲ ਦੇ।

'ਹਸਰਤ' ਮੇਰੇ ਜਨੂੰਨ ਨੂੰ ਰੁਸ਼ਨਾ ਗਿਆ ਕੋਈ,
ਨੇਰੇ 'ਚ ਦੇ ਕੇ ਚਾਨਣੇ ਆਪਣੇ ਜਮਾਲ ਦੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿੱਤੇ ਖਲੇ ਖਲੇ ਹਾਂ ਤੇ ਹਾਰੇ ਖਲੇ ਖਲੇ।
ਕੀਤੇ ਨੇ ਵਣਜ ਇਸ਼ਕ ਦੇ ਭਾਰੇ ਖਲੇ ਖਲੇ।

ਬੇਹਾਲ ਹੋਏ ਤੇਰੇ ਦੁਆਰੇ ਖਲੇ ਖਲੇ।
ਝਾਲੇ ਨੇ ਗ਼ਮ ਵਿਯੋਗ ਦੇ ਭਾਰੇ ਖਲੇ ਖਲੇ।

ਸਿਰ ਤੇ ਖਲੋਤੀ ਸ਼ੂਕਦੀ ਰਹੀ ਰਾਤ ਚਾਨਣੀ,
ਗਿਣਦਾ ਰਿਹਾ ਵਾਂ ਅਰਸ਼ ਦੇ ਤਾਰੇ ਖਲੇ ਖਲੇ।

ਤੇਰੇ ਤਸੱਵਰਾਂ ਦੀ ਰਿਹਾ ਪੀਂਘ ਝੂਟਦਾ,
ਮਾਣੇ ਨੇ ਤੇਰੇ ਇਸ਼ਕ ਹੁਲਾਰੇ ਖਲੇ ਖਲੇ।

ਨਬਜ਼ਾਂ ਦਾ ਖ਼ੂਨ ਨੈਣਾਂ ਦੇ ਰਾਹੀਂ ਨਿਚੋੜਿਆ,
ਲਾਹੇ ਨੇ ਭੁੰਜੇ ਅਰਸ਼ ਦੇ ਤਾਰੇ ਖਲੇ ਖਲੇ।

ਬਿਜਲੀ, ਤੂਫ਼ਾਨ, ਅੱਗ ਤੇ ਝਖੜ ਦੇ ਖੌਫ਼ ਤੋਂ,
ਆਪੇ ਕਰਾਂਗਾ ਆਪਣੇ ਨਿਤਾਰੇ ਖਲੇ ਖਲੇ।

ਹਾਲੇ ਭਰਨ ਦਿਓ ਰਤਾ ਉੱਚੀਆਂ ਉਡਾਰੀਆਂ,
ਸੋਚਾਂਗੇ ਫੇਰ ਔਕੜਾਂ ਬਾਰੇ ਖਲੇ ਖਲੇ।

'ਹਸਰਤ' ਗ਼ਜ਼ਲ ਦਾ ਫਨ ਤੇ ਬੜਾ ਪੇਚਦਾਰ ਹੈ,
ਸੋਚਣਗੇ ਕੀ ਕਵੀ ਇਹ ਵਿਚਾਰੇ ਖਲੇ ਖਲੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਨ ਰਾਤ ਹਉਕੇ ਮੇਰੇ ਉਹ ਪਿਆਰੇ ਨਹੀਂ ਗਏ।
ਤੇਰੇ ਉਹ ਰੋਜ਼ ਰੋਜ਼ ਦੇ ਲਾਰੇ ਨਹੀਂ ਗਏ ।

ਹੰਝੂ ਪਰਤ ਕੇ ਫੇਰ ਗਏ ਨੈਣਾਂ ਵਿਚ ਸਮਾ,
ਮੈਥੋਂ ਦਿਲੇ ਦੇ ਭਾਰ ਉਤਾਰੇ ਨਹੀਂ ਗਏ ।

ਹਰ ਵਕਤ ਕਸ਼ਮਕਸ਼ 'ਚ ਰਹੀ ਜ਼ਿੰਦਗੀ ਮੇਰੀ,
ਦੋ ਚਾਰ ਦਿਨ ਖੁਸ਼ੀ ਦੇ ਗੁਜ਼ਾਰੇ ਨਹੀਂ ਗਏ ।

ਹੋਇਆ ਕੀ ਹਾਰ ਦੀਦੇ ਜੇ ਮੈਨੂੰ ਨੇ ਦੇ ਗਏ ।
ਨਜ਼ਰੀਂ ਵੱਸੇ ਰੰਗੀਨ ਨਜ਼ਾਰੇ ਨਹੀਂ ਗਏ ।

ਤਾਰੀਫ਼ਾਂ ਤੇਰੀਆਂ ਮੈਂ ਕਰਾਂ ਵੀ ਤਾਂ ਕਿਸ ਤਰ੍ਹਾਂ,
ਮੇਰੇ ਨਸੀਬ ਤੈਥੋਂ ਸੁਆਰੇ ਨਹੀਂ ਗਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜੀਨ ਪਏ ਹਾਂ ਹੁਣ ਵੀ ਹ ਕ ਹਾਲ ਬਹਾਲ,
ਜੀਂਦੇ ਜੀ ਮਰ ਰਹੇ ਹਾਂ ਜੇ ਮਾਰੇ ਨਹੀਂ ਗਏ।

ਦੁਖ ਦਰਦ ਕੁਲ ਜਹਾਨ ਦੇ ਮੇਰੇ ਹੀ ਸਿਰ ਪਏ,
ਮੈਥੋਂ ਸਮੇਟੇ ਤੇਰੇ ਖਿਲਾਰੇ ਨਹੀਂ ਗਏ ।

ਹਾਲੀ ਝਨਾਂ ਨਦੀ ਦੇ ਲਬਾਂ ਤੇ ਹੈ ਦਾਸਤਾਨ,
ਹਾਲੀ ਥਲਾਂ ਚੋਂ ਚੀਕ ਚਕਾਰੇ ਨਹੀਂ ਗਏ।

ਮਸਤੀ ਅਜਿਹੀ ਤੇਰਿਆਂ ਨੈਣਾਂ 'ਚੋਂ ਪੀ ਲਈ,
ਐਸੇ ਨਸ਼ੇ ਚੜ੍ਹੇ ਕਿ ਉਤਾਰੇ ਨਹੀਂ ਗਏ।

ਗ਼ਮ ਦੇ ਹੜ੍ਹਾਂ ਅਜਿਹਾ ਅਸਾਨੂੰ ਏ ਰੋੜ੍ਹਿਆ,
ਕੰਢੇ ਕਿਸੇ ਨ ਲੱਗੇ, ਕਨਾਰੇ ਨਹੀਂ ਗਏ ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਰਾ ਰਾਹ ਵੇਖੇ ਇਵੇਂ ਹਿਜਰ ਦਾ ਮਾਰਾ ਕੋਈ ।
ਸ਼ਾਮ ਨੂੰ ਢੂੰਡੇ ਜਿਵੇਂ ਸਰਘੀ ਦਾ ਤਾਰਾ ਕੋਈ ।

ਝੁਲਸ ਨਾ ਜਾਣ ਕਿਤੇ ਆਸਾਂ ਉਮੀਦਾਂ ਦੇ ਕੰਵਲ
ਭੇਜ ਦੇ ਪੁਰਵੇ ਦਾ ਤੂੰ ਹੁੱਲਾ ਹੁਲਾਰਾ ਕੋਈ।

ਡਰਦਿਆਂ ਹੌਛਿਆਂ ਤੋਂ, ਦਾਨਿਆਂ ਚੁੱਪ ਹੈ ਸਾਧੀ,
ਝੂਠ ਸੱਚ ਦਾ ਤੇ ਨਹੀਂ ਕਰਦਾ ਨਿਤਾਰਾ ਕੋਈ।

ਵਸਦਿਆਂ ਕਿਸ ਦੀ ਨਜ਼ਰ ਖਾ ਗਈ ਅਚਨਚੇਤੀ,
ਵੇਂਹਦਿਆਂ ਉਜੜ ਗਿਆ ਵਸਦਾ ਦੁਆਰਾ ਕੋਈ।

ਹੋ ਗਈ ਕੱਖਾਂ ਤੋਂ ਵੀ ਹੌਲੀ ਮਨੁਖਤਾ ਕਾਹਨੂੰ,
ਰੋਗ ਲਗ ਜਾਵੇ ਜਿਵੇਂ ਜਾਨ ਨੂੰ ਭਾਰਾ ਕੋਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਸਦਿਆਂ ਫੁੱਲਾਂ ਨੂੰ ਹੈ ਕਿਸ ਨੇ ਚੁਆਤੀ ਲਾਈ,
ਰੋ ਕੇ ਸ਼ਬਨਮ ਤੇ ਨਹੀਂ ਸੁਟਿਆ ਅੰਗਾਰਾ ਕੋਈ।

ਸਾਰ ਮਜ਼ਦੂਰ ਦੀ ਖ਼ੁਦਗਰਜ਼ ਧਨੀ ਕੀ ਜਾਣੇ,
ਕਿਸ ਤਰ੍ਹਾਂ ਕਰਦਾ ਹੈ ਮਜ਼ਦੂਰ ਗੁਜ਼ਾਰਾ ਕੋਈ।

ਵੱਸ ਗਈ ਨੈਣਾਂ 'ਚ ਹੈ ਜਦ ਤੋਂ ਤੇਰੀ ਨੂਰੀ ਨੁਹਾਰ,
ਜਚਦਾ ਨਜ਼ਰਾਂ ਨੂੰ ਨਹੀਂ ਹੋਰ ਨਜ਼ਾਰਾ ਕੋਈ।

ਕਰ ਗਿਆ ਠਗੀਆਂ ਕੋਈ ਨਜ਼ਰਾਂ ਬਚਾ ਕੇ 'ਹਸਰਤ'
ਪੀ ਗਿਆ ਨਜ਼ਰਾਂ ਬਚਾ ਸਾਰੇ ਦਾ ਸਾਰਾ ਕੋਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਰੀ ਨਜ਼ਰ 'ਚੋਂ ਰਤਾ ਭਰ ਜੇ ਪਿਆਰ ਜਾਗ ਉਠੇ।
ਲੁਟਾਂਦੀ ਮਹਿਕਾਂ ਤੇ ਮਹਿਕਾਂ ਬਹਾਰ ਜਾਗ ਉਠੇ।

ਨ ਵੇਖ ਗਹਿਰੀਆਂ ਨਜ਼ਰਾਂ ਦੇ ਨਾਲ ਇੰਜ ਮੈਨੂੰ,
ਨਜ਼ਰ ਨਜ਼ਰ 'ਚੋਂ ਨ ਨੂਰੀ ਨੁਹਾਰ ਜਾਗ ਉਠੇ।

ਵਿਖਾਵੇਂ ਪਰਦੇ 'ਚੋਂ ਨੂਰੀ ਝਲਕ ਜੇ ਇਕ ਵਾਰੀ,
ਤਾਂ ਜ਼ੱਰਾ ਜ਼ੱਰਾ ਤੂੰ ਹੀ ਤੂੰ ਪੁਕਾਰ ਜਾਗ ਉਠੇ।

ਬਹਾਰੋ ਨਗ਼ਮੇ ਸੁਣਾਓ ਕਿ ਬੂਟੇ ਬੂਟੇ 'ਚੋਂ,
ਨਵਾਂ ਨਿਖਾਰ ਤੇ ਸੋਹਣਾ ਸ਼ਿੰਗਾਰ ਜਾਗ ਉਠੇ।

ਇਹ ਕਿਸ ਦੀ ਭਿਣਕ ਹਿਲੂਣੀ ਹੈ ਝੂਣਦੀ ਮੈਨੂੰ,
ਕਿ ਮੇਰੇ ਦੀਦਿਆਂ ਵਿਚ ਇੰਤਜ਼ਾਰ ਜਾਗ ਉਠੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੂੰ ਮੇਰੇ ਦਿਲ ਦਾ ਨਾ ਸ਼ੀਸ਼ਾ ਤਰੜ ਅ ਸਾਕੀ,
ਕਿ ਹੌਕੇ ਭਰਦਾ ਨਾ ਦਿਲ ਬੇਕਰਾਰ ਜਾਗ ਉਠੇ ।

ਇਹ ਕੌਣ ਆਇਆ ਹੈ ਮਹਿਫਿਲ 'ਚ ਕਿਸਦੇ ਚਰਚੇ ਨੇ,
ਕਿ ਸੁੱਤੇ ਜਜ਼ਬੇ ਤੇ ਗ਼ਮ ਬੇਸ਼ੁਮਾਰ ਜਾਗ ਉਠੇ ।

ਗਿਆ ਏ ਵਰਤ ਕੀ ਭਾਣਾ ਕਿ ਅਜ ਬਹਾਰਾਂ 'ਚੋਂ,
ਉਜਾਲੇ ਨ੍ਹੇਰਿਆਂ ਦਾ ਰੂਪ ਧਾਰ ਜਾਗ ਉਠੇ ।

ਜ਼ਮਾਨਾ ਕਾਹਨੂੰ ਕਰੇ ਯਾਰ ਮਾਰ ਐ 'ਹਸਰਤ',
ਨਜ਼ਰ ਨਜ਼ਰ ਚੋਂ ਜੇ ਕੁਝ ਸਾਂਝਾ ਪਿਆਰ ਜਾਗ ਉਠੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰਾ ਹਾਸਾ ਕਿਸੇ ਨੂੰ ਸੁਖਾਇਆ ਨਹੀਂ ।
ਰੋ ਪਿਆ ਤੇ ਕਿਸੇ ਨੇ ਵਰਾਇਆ ਨਹੀਂ ।

ਸਾਹ ਔਖੇ ਹੀ ਆਉਂਦੇ ਰਹੇ ਹਰ ਘੜੀ,
ਸਾਹ ਸੁਖ ਦਾ ਕਿਸੇ ਵੇਲੇ ਆਇਆ ਨਹੀਂ ।

ਨਿੱਜੀ ਮਜਬੂਰੀਆਂ ਸਭ ਵੰਡਾਂਦੇ ਰਹੇ,
ਦਰਦ ਮੇਰਾ ਕਿਸੇ ਨੇ ਵੰਡਾਇਆ ਨਹੀਂ ।

ਉਹਦੀ ਗੱਲ ਗੱਲ ਤੇ ਫੁਲ ਮੈਂ ਚੜ੍ਹਾਂਦਾ ਰਿਹਾ,
ਉਸ ਕੌਡੀ ਵੀ ਮੁੱਲ ਮੇਰਾ ਪਾਇਆ ਨਹੀਂ ।

ਦਮ ਦਲਾਸੇ ਹਕੀਮਾਂ ਨੇ ਦਿਤੇ ਕਈ,
ਰੋਗ ਜਾਂਦਾ ਨਜ਼ਰ ਮੈਨੂੰ ਆਇਆ ਨਹੀਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਜ਼ਮਾਨੇ ਨੇ ਕੀ ਕੁਝ ਵਿਖਾਇਆ ਨਹੀਂ ।

ਉਹਦੀ ਇਕ ਇਕ ਅਦਾ ਮੇਰੇ ਮਨ ਭਾ ਗਈ,
ਸੋਚਦਾ ਹਾਂ ਮੈਂ ਕਿਉਂ ਉਹਨੂੰ ਭਾਇਆ ਨਹੀਂ ।

ਆਲ੍ਹਣੇ ਵਲ ਨਹੀਂ ਅੱਖ ਸ਼ਕਾਰੀ ਦੀ ਜੇ,
ਏਂਕਾ ਠੰਡੀ ਹਵਾ ਦਾ ਵੀ ਆਇਆ ਨਹੀਂ ।

ਕੌਣ ਕਹਿੰਦਾ ਏ "ਹਸਰਤ" ਕਿ ਜ਼ੋਰਾਵਰਾਂ,
ਹੱਥ ਮਾੜੇ ਦੀ ਇੱਜ਼ਤ ਤੇ ਪਾਇਆ ਨਹੀਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
3798

ਥੋੜ ਮੇਰੀ ਨੂੰ ਕੀ ਕਰੇ ਕੋਈ
ਪਹਿਲਾਂ ਆਪਣਾ ਤੇ ਘਰ ਭਰੇ ਕੋਈ।

ਕੋਈ ਕੰਢਿਆਂ ਤੇ ਢੇਰੀ ਢਾਹ ਬਹਿੰਦਾ,
ਚੜ੍ਹੀਆਂ ਕਾਂਗਾਂ 'ਚ ਵੀ ਤਰੇ ਕੋਈ।

ਆਏ ਛੇਤੀ ਕੋਈ ਕਰਾਮਾਤੀ,
ਮੇਰੇ ਸਿਰ ਤੇ ਵੀ ਹੱਥ ਧਰੇ ਕੋਈ।

ਨਾ ਉਮੀਦੀ ਦੇ ਘੁਪ ਹਨੇਰੇ ਵਿਚ,
ਜੇ ਕਰੇ ਵੀ ਤਾਂ ਕੀ ਕਰੇ ਕੋਈ।

ਜਲਵੇ ਲੈ ਕੇ ਅਨੇਕ ਬੈਠਾ ਹੈ,
ਦੋ ਜਹਾਨਾਂ ਤੋਂ ਵੀ ਪਰੇ ਕੋਈ।

ਹਰ ਮੁਸੀਬਤ ਹੈ ਓਸ ਤੋਂ ਡਰਦੀ,
ਜੇ ਮੁਸੀਬਤ ਤੋਂ ਨਾ ਡਰੇ ਕੋਈ।

ਨੇੜੇ ਵਸਦੇ ਹੋਇਆਂ ਵੀ ਐ 'ਹਸਰਤ',
ਕਾਹਨੂੰ ਰਹਿੰਦਾ ਪਰੇ ਪਰੇ ਕੋਈ।

CC-0. Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨ ਨੂੰ ਭਰਮਾਂ ਦਾ ਭਾਰ ਲੈ ਬੈਠਾ।
ਦਿਲ ਨੂੰ ਦਿਲ ਦਾ ਗੁਬਾਰ ਲੈ ਬੈਠਾ।

ਪਹਿਲਾਂ ਲੈ ਬੈਠੀ ਬੇਰੁਖੀ ਤੇਰੀ,
ਫਿਰ ਤੇਰਾ ਏਤਬਾਰ ਲੈ ਬੈਠਾ ।

ਗ਼ਮ ਉਛਾਲੇ ਜੇ ਹਿਜਰ ਦੇ ਅਥਰੂ,
ਉਹ ਵੀ ਅਖੀਆਂ 'ਚਕਾਰ ਲੈ ਬੈਠਾ।

ਐਸਾ ਗ਼ਮ ਦੀਆਂ ਸੂਈਆਂ ਦਿਲ ਵਿੱਧਾ,
ਹਸਦੇ ਫੁੱਲਾਂ ਨੂੰ ਹਾਰ ਲੈ ਬੈਠਾ ।

ਵਾਰ ਦਿਤੀ ਥਲਾਂ 'ਚ ਜਿੰਦ ਆਪਣੀ,
ਯਾਰ ਨੂੰ ਹਾਏ ਯਾਰ ਲੈ ਬੈਠਾ ।

ਉਮਰ ਚੰਗੀ ਭਲੀ ਗੁਜ਼ਰਦੀ ਸੀ,
ਮੈਨੂੰ ਤੇਰਾ ਸ਼ਿੰਗਾਰ ਲੈ ਬੈਠਾ ।

ਇਹ ਵੀ 'ਹਸਰਤ' ਨਿਕਲ ਗਈ ਦਿਲ ਚੋਂ,
ਆਸ਼ਕੀ ਦੀ ਬਹਾਰ ਲੈ ਬੈਠਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਦੇ ਪੱਲੇ ਹੀ ਚਾਰ ਦਾਣੇ ਨੇ ।
ਉਸ ਭੈੜੇ ਨੇ ਕੀ ਭੁਨਾਣੇ ਨੇ ।

ਮਾੜੀ ਨੀਅਤ ਜਿਨ੍ਹਾਂ ਦੀ ਨਹੀਂ ਸਜਣੋ,
ਰੱਬ ਉਹਨਾਂ ਨੂੰ ਭਾਗ ਲਾਣੇ ਨੇ ।

ਪੈਣਗੇ ਹਾਰ ਉਹਨਾਂ ਦੇ ਗਲ ਵਿਚ,
ਹੱਥੀਂ ਕੰਡੇ ਜਿਨ੍ਹਾਂ ਚੁਭਾਣੇ ਨੇ ।

ਸਿਖ ਲੈ ਕੰਡਿਆਂ ਦੀ ਸੇਜ ਤੇ ਸੌਣਾ,
ਜੇ ਬਹਾਰਾਂ ਨੂੰ ਰੰਗ ਲਾਣੇ ਨੇ ।

ਜਾਣਦਾ ਸਾਂ ਮੈਂ ਮੁੱਦਤਾਂ ਪਹਿਲਾਂ,
ਜਿਹੜੇ ਯਾਰਾਂ ਨੇ ਚੰਨ ਚੜ੍ਹਾਣੇ ਨੇ ।

ਉਹੀ ਮਿਲਣੇ ਨੇ ਕੇਰੇ ਕਰਮਾਂ ਦੇ,
ਜਿਹੜੇ ਭਾਗਾਂ 'ਚ ਚਾਰ ਦਾਣੇ ਨੇ ।

ਕੀ ਖਬਰ ਸੀ ਕਿ ਵੇਲੇ ਸਿਰ 'ਹਸਰਤ',
ਮੈਥੋਂ ਸਭਨਾਂ ਨੇ ਮੂੰਹ ਭੰਵਾਣੇ ਨੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਵੇ ਗੱਲਾਂ ਮਾਰੀ ਦੁਨੀਆਂ।
ਝੂਠੀ ਬੇਇਤਬਾਰੀ ਦੁਨੀਆਂ।

ਕੱਖਾਂ ਤੋਂ ਵੀ ਹੌਲੀ ਜਾਪੇ,
ਲੰਮੀ ਚੌੜੀ ਸਾਰੀ ਦੁਨੀਆਂ।

ਬੂਹੇ ਬੂਹੇ ਖਿੜ ਖਿੜ ਹੱਸੇ,
ਇਹ ਦੁੱਖਾਂ ਦੀ ਮਾਰੀ ਦੁਨੀਆਂ।

ਮਿਲ ਗਈ ਮੈਨੂੰ ਸੁੱਖਾਂ ਲੱਦੀ,
ਮੈਥੋਂ ਵੀ ਦੁਖਿਆਰੀ ਦੁਨੀਆਂ।

ਖਾਵੇ ਪੀਵੇ ਚੰਗਾ ਚੋਖਾ,
ਇਹ ਭੁੱਖੀ ਭੁਖਿਆਰੀ ਦੁਨੀਆਂ।

ਲੰਮੇ ਚੌੜੇ ਦਾਅਵੇ ਬੰਨ੍ਹੇ,
ਹਲਕੀ ਫੁਲਕੀ ਭਾਰੀ ਦੁਨੀਆਂ।

ਘਰ ਘਰ ਲਾਵੇ ਚੁਗ਼ਲ ਚਵਾਤੀ,
ਮੂੰਹ ਦੀ ਮਿੱਠੀ ਪਿਆਰੀ ਦੁਨੀਆਂ।

ਹਸਦੇ ਫੁੱਲਾਂ ਵਾਂਗੂੰ ਜਾਪੇ,
ਇਹ ਸੂਲਾਂ ਦੀ ਖਾਰੀ ਦੁਨੀਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾ ਰਹੀਆਂ ਸਾਂਝਾਂ, ਮਿਟੇ ਪਿਆਰ ਮੇਲ ਜੋਲ ਗਏ।
ਦਿਮਾਗ ਡੋਲ ਗਏ ਨਜ਼ਰੀਏ ਵੀ ਡੋਲ ਗਏ।

ਉਹ ਠਿੱਲਾਂ ਵਢ ਵਢਾ ਪਹੁੰਚ ਯਾਰ ਕੋਲ ਗਏ ।
ਲਗਾ ਕੇ ਜਾਨ ਦੀ ਬਾਜ਼ੀ ਜੋ ਠਿਲ੍ਹ ਅਡੋਲ ਗਏ ।

ਕਿਤੇ ਵੀ ਮਿਲਿਆ ਨਹੀਂ ਜ਼ਿੰਦਗੀ ਨੂੰ ਸੁਖ ਦਾ ਸਾਹ,
ਕਿ ਡਾਵਾਂਡੋਲ ਅਸੀਂ ਆਏ ਡਾਵਾਂਡੋਲ ਗਏ ।

ਅਜੇ ਵੀ ਸਾਡੀ ਹੀ ਨੀਅਤ ਤੇ ਹੈ ਭਰਮ ਤੈਨੂੰ,
ਅਜੇ ਵੀ ਸਾਕੀਆ ਤੇਰੇ ਨਾ ਨਾਪ ਤੋਲ ਗਏ।

ਚਮਨ ਦੇ ਰਾਖਿਆਂ ਦੀ ਹੱਥ ਦੀ ਸਫਾਈ ਸੀ,
ਜੋ ਮੇਰੇ ਆਹਲਣੇ ਦਾ ਤੀਲਾ ਤੀਲਾ ਫੋਲ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਦਮ ਕਦਮ ਤੇ ਰਹੀ ਸਾਡੇ ਨਾਲ ਨਾਕਾਮੀ,
ਅਸੀਂ ਤਾਂ ਮਾਰੇ ਹੀ ਐ ਦੋਸਤੋ 'ਨਭੋਲ ਗਏ ।

ਨਸ਼ਾ ਸੀ ਉਹਦੇ ਤਸੱਵਰ ਦਾ ਕੁਝ ਅਨੋਖਾ ਹੀ,
ਨਸ਼ੇ 'ਚ ਖੌਰੇ ਅਸੀਂ ਕੀ ਕੀ ਬੋਲ ਬੋਲ ਗਏ ।

ਡਰਾਵੇ ਮੌਤ ਦੇ ਦੇਂਦਾ ਹੈ ਕਿਉਂ ਸਮਾਂ ਸਾਨੂੰ,
ਅਸੀਂ ਤਾਂ ਆਪ ਹੀ ਹਾਂ ਪਹੁੰਚ ਮੌਤ ਕੋਲ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇ ਭੁਲ ਭੁਲੇਖੇ ਤੂੰ ਹਾਲ ਮੇਰੇ ਤੇ,
ਇਕ ਵਾਰੀ ਆ ਤਰਸ ਖਾਵੇਂ।

ਰਹੇ ਸਲਾਮਤ ਖ਼ਿਆਲ ਤੇਰਾ,
ਤੂ ਖ਼ਾਬਾਂ ਵਿਚ ਵੀ ਮਿਲੇਂ ਨ ਭਾਵੇਂ।

ਇਹ ਦੂਰ ਨੇੜੇ ਦਾ ਟੁੱਟਾ ਰਿਸ਼ਤਾ,
ਨ ਔਖੀ ਮੰਜ਼ਲ ਤੇ ਰਾਹ ਭੁਲਾਵੇਂ।

ਹੈ ਸ਼ੌਕ ਦਿਲ ਦਾ ਯਕੀਨ ਬਣਿਆਂ,
ਤੂੰ ਉਹਲੇ ਬੈਠਾ ਵੀ ਨਜ਼ਰੀਂ ਆਵੇਂ।

ਮੈਂ ਭੇਸ ਬੁਲਬੁਲ ਦਾ ਧਾਰ ਲਾਂਗਾ,
ਤੇ ਟਾਹਣੀ ਟਾਹਣੀ ਮਲ੍ਹਾਰ ਗਾਵਾਂ,

ਬਹਾਰ ਬਣ ਕੇ ਜੇ ਮੇਰੇ ਦਿਲ ਵਿਚ,
ਵਫ਼ਾ ਦੀ ਖ਼ੁਸ਼ਬੂ ਤੂੰ ਆ ਖਿੰਡਾਵੇਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨੇਰ ਸੱਜ, ਹਨੇਰ ਖੱਬੇ,
ਹਨੇਰ ਅੱਗੇ, ਹਨੇਰ ਪਿੱਛੇ,

ਚੁਫ਼ੇਰੇ ਚਮਕਣ ਚਮੁਖੀਏ ਦੀਵੇ,
ਜੇ ਰੁਖ ਤੋਂ ਪਰਦਾ ਜ਼ਰਾ ਹਟਾਵੇਂ।

ਮੈਂ ਤਕ ਰਿਹਾ ਹਾਂ ਤੇ ਲੋਗ ਆਂਹਦੇ,
ਉਹ ਤੇਰੇ ਕੋਲੋਂ ਹੀ ਲੰਘ ਗਿਆ ਹੈ,

ਸਮਝ ਨ ਆਵੇ ਮੇਰੇ ਜਨੂੰ ਨੂੰ,
ਕਦੋਂ ਤੂੰ ਆਵੇਂ ਕਦੋਂ ਤੂੰ ਜਾਵੇਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦ ਨੀਲਿਆਂ ਗਗਨਾਂ ਤੇ, ਲਈ ਚਾਨਣੀ ਅੰਗੜਾਈ।
ਫਿਰ ਯਾਦ ਤੇਰੀ ਆਈ, ਫਿਰ ਯਾਦ ਤੇਰੀ ਆਈ।

ਨੂਰਾਨੀ ਨਜ਼ਾਰੇ ਹੁਣ ਜਚਦੇ ਨਹੀਂ ਨਜ਼ਰਾਂ ਵਿਚ,
ਤਸਵੀਰ ਕੀਹਦੀ ਦਿਲ ਵਿਚ ਅਜ ਮੇਰੇ ਉਤਰ ਆਈ।

ਨੈਣਾਂ 'ਚ ਉਡੀਕਾਂ ਦੇ ਤੂਫ਼ਾਨ ਉਭਰ ਆਏ,
ਪਲਕਾਂ ਤੇ ਉਮੀਦਾਂ ਦੀ ਤਕਦੀਰ ਨਜ਼ਰ ਆਈ।

ਜਿਸ ਦੁਨੀਆਂ ਦੀ ਖਾਤਰ ਮੈਂ ਤ੍ਰਿਹਾਇਆ ਸੀ ਤ੍ਰਿਹਾਇਆ
ਉਹ ਮੇਰੇ ਲਹੂ ਦੀ ਸੀ, ਤ੍ਰਿਹਾਈ ਦੀ ਤ੍ਰਿਹਾਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਜਿਹਨਾਂ ਮਿੱਤਰਾਂ ਦੀ ਹਰ ਵਾਰ ਕਦਰ ਕੀਤੀ,
ਅੱਜ ਉਹਨਾਂ ਹੀ ਬੇਕਦਰਾਂ, ਮੇਰੀ ਨਾ ਕਦਰ ਪਾਈ।

ਪੱਛੋਂ ਦੀ ਹਵਾ ਮੈਨੂੰ, ਪੱਛਿਆ ਤੇ ਬੜਾ ਫਿਰ ਵੀ,
ਸੀਨੇ ਦਿਆਂ ਜ਼ਖ਼ਮਾਂ ਨੇ, ਅੱਗ ਹੋਰ ਵੀ ਭੜਕਾਈ।

ਪਰ ਖੋਜ ਖੁਰਾ ਤੇਰਾ ਮਿਲਿਆ ਨਾ ਕਿਤੇ ਮੈਨੂੰ,
ਸਿਰ ਚਾਇਆ ਤਲੀ ਤੇ ਮੈਂ ਜਿੰਨੀ ਵੀ ਸੀ ਵਾਹ ਲਾਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਾਰਾਂ ਦੇ ਵਖਾਲੇ ਖਾ ਗਏ ਯਾਰੋ ਬਹਾਰਾਂ ਨੂੰ।
ਜ਼ਰਾ ਵੀ ਤਰਸ ਨਾ ਆਇਆ ਘਟਾਵਾਂ ਬੇਮੁਹਾਰਾਂ ਨੂੰ।

ਪਿਲਿੱਤਣ ਬੇਬਸੀ ਦੀ ਗੁੰਚਿਆਂ ਦੇ ਮੂੰਹ ਤੇ ਚਿੰਬੜੀ ਏ,
ਨਹੀਂ ਹੁਣ ਹੱਕ ਟਹਿਕਣ ਦਾ ਵੀ ਕਲੀਆਂ ਸੋਗਵਾਰਾਂ ਨੂੰ।

ਕਿਵੇਂ ਰੁੱਖੇ ਜ਼ਮਾਨੇ ਨਾਲ ਨੇਹੁੰ ਲਾ ਕੇ ਨਿਭਾਵਾਂਗਾ।
ਦੁੜਾਨਾਂ ਰਾਤ ਦਿਨ ਮੈਂ ਦੂਰ ਤਕ ਸੋਚਾਂ ਵਿਚਾਰਾਂ ਨੂੰ।

ਸਿਉਂ ਲਓ ਮੂੰਹ ਚਮਨ ਦੇ ਵਾਸੀਓ ਲੈ ਚੁੰਜ ਖੰਭਾਂ ਵਿਚ,
ਪਰਾਈ ਬਾਤ ਹੋ ਜਾਂਦੀ ਸੁਣਾ ਕੇ ਚਾਰ ਯਾਰਾਂ ਨੂੰ ।

ਜੇ ਕੋਈ ਅੰਤ ਪਾ ਸਕਿਆ ਨਹੀਂ ਤੇਰੇ ਸ਼ਿੰਗਾਰਾਂ ਦਾ,
ਤੇ ਕਿਉਂ ਮਰੀਏ ਸ਼ਿੰਗਾਰਾਂ ਤੇ, ਤੇ ਕਿਉਂ ਕਰੀਏ ਸ਼ਿੰਗਾਰਾਂ ਨੂੰ।

ਮੇਰੀ ਮੰਜ਼ਲ ਦਾ ਰੱਬ ਰਾਖਾ ਮੇਰੀ ਕਿਸ਼ਤੀ ਦਾ ਰੱਬ ਵਾਲੀ,
ਨਹੀਂ ਤੂਫਾਨ ਦਾ ਜੇ ਗ਼ਮ ਮਲਾਹਾਂ ਬੇਮੁਹਾਰਾਂ ਨੂੰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਖਿਆਲੋਂ ਤੇ ਉਮੀਦਾਂ ਦੀ ਹੈ ਓਦੋਂ ਦੂੰ ਬਦੂੰ ਹੁੰਦੀ,
ਜਦੋਂ ਮੈਂ ਯਾਦ ਕਰਦਾ ਹਾਂ ਤੇਰੇ ਕੌਲਾਂ ਕਰਾਰਾਂ ਨੂੰ।

ਪਿਆ ਵੇਹਨਾਂ ਵਾਂ ਬੈਠਾ ਉਮਰ ਦੀ ਇਕ ਸ਼ਾਖ ਨਾਜ਼ਕ ਤੇ,
ਅਨੇਕਾਂ ਰੰਜ ਗ਼ਮ ਜੀਵਨ ਦੀਆਂ ਗੁੰਝਲਾਂ ਹਜ਼ਾਰਾਂ ਨੂੰ।

ਬੜਾ ਡੁਲ੍ਹਿਆ ਹੋਇਆ ਫਿਰਦਾ ਹੈ ਦਿਲ ਅੱਜ ਤਲਖ਼ ਯਾਦਾਂ ਤੇ,
ਕਿਵੇਂ ਸਾਂਭਾਂਗਾ ਮੈਂ 'ਹਸਰਤ' ਭਰੇ ਦਿਲ ਦੇ ਗੁਬਾਰਾਂ ਨੂੰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣ ਕੀ ਸਕਦਾ ਏ ਪਛਤਾ ਕੇ ।
ਬੇਸਮਝਾਂ ਨੂੰ ਹੁਣ ਸਮਝਾ ਕੇ ।

ਆਪੇ ਆਪਣੀ ਕਦਰ ਗਵਾਈ,
ਬੇਕਦਰਾਂ ਦੀਆਂ ਕਦਰਾਂ ਪਾ ਕੇ।

ਮੈਨੂੰ ਪਟਿਆ ਚੌੜ ਚੁਪੱਟਿਆਂ,
ਸਾਵੇ ਸਾਵੇ ਬਾਗ ਵਿਖਾ ਕੇ ।

ਬੈਠਾ ਹਾਂ ਫੁੱਲਾਂ ਦੀ ਰਾਖੀ,
ਕੰਡਿਆਂ ਦੀ ਮੈਂ ਸੇਜ ਵਿਛਾ ਕੇ।

ਬਣ ਬੈਠੀ ਹੈ ਸ਼ਬਨਮ ਰਾਣੀ,
ਬੂਟੇ ਬੂਟੇ ਅੱਗਾਂ ਲਾ ਕੇ ।

ਮੇਰੇ ਪਾਪ ਤੇ ਪੁੰਨ ਬਰਾਬਰ,
ਮੈਂ ਆਇਆ ਹਾਂ ਗੰਗਾ ਨ੍ਹਾ ਕੇ।

ਰੋਂਦਾ ਕਿਉਂ ਮਜ਼ਦੂਰ ਹੈ ਬੈਠਾ,
ਉੱਚੇ ਉੱਚੇ ਮਹਿਲ ਬਣਾ ਕੇ ।

ਉੜਕ ਕਚਿਆਂ ਕੱਚ ਕਮਾਣਾ,
ਨਿਕਲਣ ਭਾਵੇਂ ਪੱਕ ਪਕਾ ਕੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋਸਤਾਂ ਦਾ ਦੋਸਤਾਨਾ ਵੇਖਿਆ ।
ਵੇਖਿਆ ਆਪਣਾ ਬਿਗਾਨਾ ਵੇਖਿਆ ।
ਮੱਥੇ ਮੱਥੇ ਵੇਖੀਆਂ ਨੇ ਤੀੜੀਆਂ,
ਵੇਖਿਆ ਸਾਰਾ ਜ਼ਮਾਨਾ ਵੇਖਿਆ ।
ਅੱਖ ਝਮਕੀ ਤੇ ਕਹਾਣੀ ਪੈ ਗਈ,
ਅੱਖ ਮੀਟੀ ਤੇ ਫ਼ਸਾਨਾ ਵੇਖਿਆ ।
ਲਾਰੇ ਲਾਣੇ ਹੈਣ ਸੌਖੇ ਰਾਤ ਦਿਨ,
ਬੋਲ ਇਕ ਔਖਾ ਨਿਭਾਣਾ ਵੇਖਿਆ ।
ਵੇਖਿਆ ਹੈ ਹਰ ਜਗ੍ਹਾ ਤੇ ਹੇਰ ਫੇਰ,
ਹੇਰਾ ਫੇਰੀ ਦਾ ਜ਼ਮਾਨਾ ਵੇਖਿਆ ।
ਅੱਖੀਆਂ ਦੇ ਸਾਗਰਾਂ ਵਿਚ ਦੋਸਤੋ,
ਗੁਪਤ ਕਾਰੂੰ ਦਾ ਖ਼ਜ਼ਾਨਾ ਵੇਖਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿੱਥੇ ਚੀਖ ਚਕਾਰੇ ਵੱਸੇ,
ਉਥੇ ਗ਼ਮ ਨਹੀਂ ਹੁੰਦੇ ਕੱਸੇ ।

ਉਹਨਾਂ ਪਿੱਛੇ ਮੰਜ਼ਲ ਨੱਸੇ,
ਜਿਨ੍ਹਾਂ ਲੱਕ ਲੰਗੋਟੇ ਕੱਸੇ ।

ਰੱਬਾ ਹੱਸੇ ਵੱਸੇ ਰੱਸੇ,
ਜਿਹੜਾ ਮੈਨੂੰ ਤਾਅਨੇ ਕੱਸੇ ।

ਮੈਨੂੰ ਵੇਖ ਕੇ ਰੋਵੇ ਦੁਨੀਆਂ,
ਤੈਨੂੰ ਵੇਖ ਕੇ ਦੁਨੀਆਂ ਹੱਸੇ ।

ਤੇਰੇ ਸੱਜਣ ਮੇਰੇ ਦੁਸ਼ਮਣ,
ਤੇਰੇ ਵਧ ਨਾ ਮੇਰੇ ਕੱਸੇ ।

ਉਹੀ ਹੱਥਾਂ ਤੇ ਰੱਥ ਮਾਰੇ,
ਜਿਹੜਾ ਤੇਰੀਆਂ ਤਲੀਆਂ ਝੱਸੇ ।

ਗੜਾ ਪਿਆ ਏ ਅਜ ਕਿਸੇ ਤੇ,
ਖਿੜਿਆ ਖਿੜਿਆ ਮੱਥਾ ਦੱਸੇ ।

ਕਿੱਥੇ ਮੌਜਾਂ ਮਾਣੇ 'ਹਸਰਤ'
ਮੈਨੂੰ ਵੀ ਕੋਈ ਆ ਕੇ ਦੱਸੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਕਾਫਰ ਲੈ ਨਜ਼ਰ ਦੀ ਲੋਅ ਗਿਆ ਏ ।
ਹਨੇਰਾ ਹੀ ਹਨੇਰਾ ਹੋ ਗਿਆ ਏ।

ਮੇਰੇ ਹੀ ਹੰਝੂਆਂ ਦੀ ਓਟ ਲੈ ਕੇ,
ਕੋਈ ਆਪਣੇ ਹੀ ਰੋਣੇ ਰੋ ਗਿਆ ਏ ।

ਉਲਾਂਭੇ ਦਿਲ ਦੇ ਦਿਲ ਵਿਚ ਰਹਿ ਗਏ ਨੇ,
ਨਿਆਂ ਨਜ਼ਰਾਂ ਦੇ ਰਾਹੀਂ ਹੋ ਗਿਆ ਏ।

ਤਰੇਲੀ ਆ ਗਈ ਫੁਲਾਂ ਦੇ ਮੂੰਹ ਤੇ,
ਕੋਈ ਕਲੀਆਂ ਦੀ ਲੈ ਖੁਸ਼ਬੋ ਗਿਆ ਏ।

ਸਮੇਂ ਦਾ ਰੰਗ ਫਿੱਕਾ ਵੇਖਦਾ ਹਾਂ,
ਜ਼ਮਾਨਾ ਕਿਉਂ ਦੋ ਰੰਗਾ ਹੋ ਗਿਆ ਏ ।

ਕਿਤੇ ਉਹ ਆ ਗਿਆ ਨਜ਼ਰਾਂ ਦੇ ਸਾਹਵੇਂ,
ਕਦੀ ਪਲਕਾਂ ਦੇ ਬੂਹੇ ਢੋ ਗਿਆ ਏ।

ਕਿਸੇ ਨੂੰ ਕੀ ਸੁਣਾਵਾਂ ਆਪਣੀ 'ਹਸਰਤ'
ਪਰਤ ਕੇ ਕੌਣ ਆਇਆ, ਜੋ ਗਿਆ ਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਤ ਦਿਨੇ ਮੈਂ ਪੀੜਾਂ ਝਾਗਾਂ।
ਮੈਨੂੰ ਡੰਗਿਆ ਕਾਲਿਆਂ ਨਾਗਾਂ ।

ਫੁੱਲਾਂ ਦੀ ਥਾਂ ਸੂਲਾਂ ਕੰਡੇ,
ਮੈਨੂੰ ਦਿੱਤੇ ਤੇਰਿਆਂ ਬਾਗਾਂ ।

ਟੁਟੀਆਂ ਤਾਰਾਂ ਦਿਲ ਦੀਆਂ ਯਾਰੋ,
ਤਲਖ਼ੀਆਂ ਵੰਡੀਆਂ ਮਿਠਿਆਂ ਰਾਗਾਂ ।

ਤੂੰ ਮੱਲੇ ਨੇ ਮਹਿਲ ਮੁਨਾਰੇ,
ਮੈਂ ਧੁੱਪਾਂ ਤੇ ਪਾਲੇ ਝਾਗਾਂ ।

ਤੇਰਾ ਗ਼ਮ ਹੈ ਮੇਰੀ ਜ਼ਿੰਦੜੀ,
ਤੇਰੇ ਗ਼ਮ ਨੂੰ ਕਿੰਜ ਤਿਆਗਾਂ ।

ਚਾਰ ਚੁਫੇਰੇ ਮੰਜ਼ਲ ਮੇਰੀ,
ਖੁਲ੍ਹੇ ਘੋੜੇ ਖੁਲ੍ਹੀਆਂ ਵਾਗਾਂ ।

ਦਿਤੇ ਥਾਂ ਥਾਂ ਧੋਖੇ ਲੱਖਾਂ,
ਮੈਨੂੰ ਮੇਰਿਆਂ ਲੇਖਾਂ ਭਾਗਾਂ ।

ਸੌਵਾਂ ਮੈਂ ਵੀ ਆਪਣੀ ਨੀਂਦੇ,
ਮੈਂ ਵੀ ਆਪਣੀ ਜਾਗੇ ਜਾਗਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੁੱਲ ਭੁਲੇਖੇ ਪਾਈ ਝਾਤੀ,
ਤੂੰ ਨਾ ਪੀੜ ਪਰਾਈ ਜਾਤੀ ।
ਕਾਹਨੂੰ ਆਪਣਾ ਲੂੰ ਲੂੰ ਲੂਹਿਆ,
ਕਾਹਨੂੰ ਲਾਈ ਇਸ਼ਕ ਚੁਆਤੀ ।
ਮਾਰੇ ਹੱਥ ਦੁਹੱਥੜ ਮੱਥੇ,
ਜਿੰਦ ਨਿਖੁੱਟੀ ਗਈ ਗੁਆਤੀ ।
ਨਾ ਬੋਲੋ ਇੰਜ ਯਾਰੋ ਮਿੱਤਰੋ
ਬੋਲ ਕੁਬੋਲ ਹੁਣ ਭਾਤੋ ਭਾਤੀ ।
ਮੂੰਹ ਦੇ ਮਿੱਠੇ ਦਿਲ ਦੇ ਖੋਟੇ,
ਘਰ ਦੇ ਭੇਤੀ ਕੁਲ ਦੇ ਘਾਤੀ।
ਲੱਖਾਂ ਜਿੰਦੜੀ ਪਾਪੜ ਵੇਲੇ,
ਓੜਕ ਮੇਰੀ ਰੱਤੇ ਨ੍ਹਾਤੀ ।
ਤੇਰੇ ਬੂਹੇ ਆ ਕੇ ਹੋਏ,
ਇਕੋ-ਮਿਕੋ ਜ਼ਾਤ ਕੁਜ਼ਾਤੀ ।
ਨਜ਼ਰਾਂ ਵਿਚ ਨਜ਼ਾਰੇ ਵੱਸੇ,
ਜਦ ਮੈਂ ਤੇਰੀ ਜ਼ਾਤ ਪਛਾਤੀ ।
ਵੇਖ ਰਿਹਾ ਹਾਂ ਮੈਂ ਵੀ 'ਹਸਰਤ',
ਨੂਰੀ ਨਾਰੀ ਇਕੋ ਝਾਤੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮੇਂ ਸਾਰ ਜਿਹੜਾ ਨਾ ਚਲਦਾ ਰਿਹਾ।
ਹਮੇਸ਼ਾ ਉਹ ਤਲੀਆਂ ਹੀ ਮਲਦਾ ਰਿਹਾ।

ਦਿਨੇ ਰਾਤ ਮੈਨੂੰ ਉਹ ਛਲਦਾ ਰਿਹਾ।
ਮੈਂ ਬਿਰਹਾ ਦੀ ਅਗਨੀ 'ਚ ਜਲਦਾ ਰਿਹਾ।

ਕਿਸੇ ਵੀ ਸੁਣੀ ਨਾ ਕਹਾਣੀ ਮੇਰੀ,
ਮੈਂ ਝਾਲਾਂ ਤੇ ਝਾਲਾਂ ਈ ਝਲਦਾ ਰਿਹਾ।

ਸਮੇਂ ਰੰਗ ਉਹਨੂੰ ਈ ਲਾਏ ਅਨੇਕ,
ਸਮੇਂ ਦੇ ਜੋ ਸਾਂਚੇ 'ਚ ਢਲਦਾ ਰਿਹਾ।

ਅਮੀਰਾਂ ਦੇ ਲੋਭਾਂ ਦਾ ਹਾਥੀ ਸਫ਼ੈਦ,
ਗਰੀਬਾਂ ਦੀ ਮਿਹਨਤ ਤੇ ਪਲਦਾ ਰਿਹਾ।

ਕਦੇ ਵੀ ਕਿਸੇ ਦਾ ਇਹ ਬਣਿਆਂ ਨਹੀਂ,
ਜ਼ਮਾਨਾ ਹਮੇਸ਼ਾ ਬਦਲਦਾ ਰਿਹਾ।

ਨਾ 'ਹਸਰਤ' ਨੇ ਹਾਰੀ ਹੈ ਹਿੰਮਤ ਕਦੇ,
ਉਹ ਤੂਫ਼ਾਨਾਂ ਅੰਦਰ ਵੀ ਚਲਦਾ ਰਿਹਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾ ਕੁਝ ਪਾਇਆ, ਨਾ ਕੁਝ ਖੋਹਿਆ।
ਮਿੱਟੀ ਸਾਂ ਮੈਂ ਮਿੱਟੀ ਹੋਇਆ।

ਕਾਹਨੂੰ ਲਾਈ ਇਸ਼ਕ ਚਵਾਤੀ,
ਕਾਹਨੂੰ ਚੱਟਿਆ ਤੱਤਾ ਲੋਹਿਆ।

ਬੇਕਦਰਾਂ ਦੇ ਪਿੱਛੇ ਲਗ ਕੇ,
ਭਰਮ ਇਸ਼ਕ ਦਾ ਸਾਰਾ ਖੋਹਿਆ।

ਲੱਖਾਂ ਹਾੜੇ ਤਰਲੇ ਕੀਤੇ,
ਤੇਰਾ ਮੂੰਹ ਨਾ ਸਿੱਧਾ ਹੋਇਆ।

ਜਦ ਮੈਂ ਛੇੜੀ ਪਰੇਮ ਕਹਾਣੀ,
ਸਭਨਾਂ ਆਪਣਾ ਰੋਣਾ ਰੋਇਆ।

ਆ ਜਾ ਨਵਿਆਂ ਰਾਹਾਂ ਵਿਚੋਂ,
ਚਾਨਣ ਫੜੀਏ ਨਵਾਂ ਨਰੋਇਆ।

ਰਹਿ ਗਏ ਝਖੜ ਖੜੇ ਖਲੋਤੇ,
ਜਦ ਮੈਂ ਡਾਹ ਕੇ ਹਿੱਕ ਖਲੋਇਆ।

ਕੀ ਖੱਟਿਆ ਫਰਿਹਾਦ ਨੇ 'ਹਸਰਤ',
ਸ਼ੀਰੀਂ ਸ਼ੀਰੀਂ ਕਰਦਾ ਮੋਇਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਕਸ਼ੋ ਥੋੜੀ ਜਿਹੀ ਮੈਨੂੰ ਵੀ ਮੂੰਹ ਲਾਣ ਦਿਓ।
ਪਰਦੇ ਫਿਰ ਆਪਣੇ ਗੁਨਾਹਾਂ ਤੇ ਜ਼ਰਾ ਪਾਣ ਦਿਓ।

ਮੈਂ ਹਾਂ ਕਮਜ਼ੋਰ ਬੜਾ ਪਰ ਹੈ ਤਬ੍ਹਾ ਇਹ ਚਾਂਹਦੀ,
ਇਸ਼ਕ ਦੀ ਚਟਕ ਬੁਰੀ ਹੁਸਨ ਨੂੰ ਸਮਝਾਣ ਦਿਓ।

ਵੇਖਣਾ ਵਿਕਦੇ ਕਿਵੇਂ ਧਰਮ ਤੇ ਈਮਾਂ ਏਥੇ,
ਆਗੂਓ ਧਰਮ ਦਿਓ ਮੋਹਰੀਓ ਈਮਾਨ ਦਿਓ।

ਸ਼ਹੁ ਦਰਿਆਵਾਂ ਦੇ ਵਿਚ ਮੈਨੂੰ ਵੀ ਸੁਹਣੀ ਵਾਂਗੂੰ,
ਦੋਸਤੋ ਇਸ਼ਕ ਦੇ ਕੁਝ ਹੌਸਲੇ ਅਜ਼ਮਾਣ ਦਿਓ।

ਕਲਪਨਾਓ ਨਾ ਮਿਰੇ ਗ਼ਮ ਦੇ ਜਗਾਓ ਦੀਵੇ,
ਖ਼ੂਨ ਅੱਜ ਮੇਰੀ ਤਮੰਨਾਵਾਂ ਦਾ ਹੋ ਜਾਣ ਦਿਓ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬੇਹੋਸ਼ੀ ਮੇਰੀ ਚੰਗੀ ਏ ਬੇਸ਼ਕ ਮੈਨੂੰ ਅੱਲ੍ਹਾ ਬੋਲੀ
ਮਸਤੀਆਂ ਨੈਣਾਂ ਚੋਂ ਅੱਜ ਉਹਨਾਂ ਨੂੰ ਵਰਤਾਣ ਦਿਓ।

ਮੈਂ ਮੁਸਾਫ਼ਰ ਹਾਂ ਮੇਰੇ ਨਾਲ ਹੈ ਭੋਲੀ ਜਿੰਦੜੀ,
ਕੂੜੀ ਦੁਨੀਆਂ ਤੋਂ ਪਰ੍ਹਾਂ ਮੈਨੂੰ ਨਿਕਲ ਜਾਣ ਦਿਓ!

ਜਾਨ ਜਾਂਦੀ ਏ ਮੁਹੱਬਤ 'ਚ ਤੇ ਜਾਏ 'ਹਸਰਤ',
ਜਾਨ ਨੂੰ ਜਾਣ ਦਿਓ, ਜਾਣ ਦਿਓ ਜਾਣ ਦਿਓ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯਰਾਨੇ ਧੋਖੇਬਾਜ਼ਾਂ ਨਾਲ ਲਾਏ ਜਾ ਨਹੀਂ ਸਕਦੇ।
ਮਖੌਲ ਆਪਣੀ ਮੁਹੱਬਤ ਦੇ ਉੜਾਏ ਜਾ ਨਹੀਂ ਸਕਦੇ।

ਜ਼ਮਾਨਾ ਮੂੰਹ ਭੁਆ ਦੇਵੇ ਚਲਾਕਾਂ ਅਕਲਮੰਦਾਂ ਦਾ,
ਕਦੇ ਮੂੰਹ ਬੇਮੁਹਾਰਾਂ ਦੇ ਭੁਆਏ ਜਾ ਨਹੀਂ ਸਕਦੇ।

ਮੇਰੇ ਹਾੜੇ ਮੇਰੇ ਤਰਲੇ, ਮੇਰੇ ਇਹ ਗੀਤ ਬਿਰਹਾ ਦੇ,
ਕਿਸੇ ਗੋਰੀ ਦੀ ਝਾਂਜਰ ਵਿਚ ਲੁਕਾਏ ਜਾ ਨਹੀਂ ਸਕਦੇ।

ਨਿਰਾਸ਼ਾ ਵਿਚ ਕਦੇ ਆਸ਼ਾ ਲਕੋਈ ਜਾ ਨਹੀਂ ਸਕਦੀ,
ਕਦੇ ਵੀ ਬੁਲਬੁਲੇ ਪਾਣੀ ਤੋਂ ਚਾਏ ਜਾ ਨਹੀਂ ਸਕਦੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਮਾਣੀ ਧਿਰਤੀ ਵਰਦੇ ਮਘੀ ਜੀਵਨ ਦੀ ਧੁੱਪ ਛਾਂ ਦਿਓ,
ਬੜੇ ਅੱਥਰੇ ਨੇ ਇਹ ਪੈਂਡੇ ਹੰਢਾਏ ਜਾ ਨਹੀਂ ਸਕਦੇ।

ਬਿਨਾ ਕੰਡਿਆਂ ਦੀ ਛਾਂ ਤੋਂ ਆਹਲਣੇ ਵਿਚ ਕੁਝ ਨਹੀਂ ਲਭਦਾ,
ਕਰਾਂ ਕੀ ਘਰ ਬਣਾ ਕੇ ਵੀ ਤਾਂ ਢਾਏ ਜਾ ਨਹੀਂ ਸਕਦੇ।

ਉਜਾੜਾਂ ਤੋਂ ਪਰ੍ਹਾਂ ਜਾ ਕੇ ਨਵੀਂ ਦੁਨੀਆਂ ਵਸਾ ਲਾਂਗਾ,
ਇਹ ਕੌਣ ਆਂਹਦਾ ਕਦੀ ਉਜੜੇ ਵਸਾਏ ਜਾ ਨਹੀਂ ਸਕਦੇ।

ਸਬਰ ਦੇ ਘੁੱਟ ਪੀ ਲਾਂਗਾ ਸਿਦਕ ਵਿਹੜੇ 'ਚ ਮੈਂ''ਹਸਰਤ'
ਕਿ ਤਾਅਨੇ,ਮਿਹਣੇ, ਝਿੜਕੇ ਰੋਜ਼ ਖਾਏ ਜਾ ਨਹੀਂ ਸਕਦੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਨੂੰ ਚੋਟ ਇਸ਼ਕ ਦੀ ਲਗਦੀ ਉਸੇ ਦਾ ਦਿਲ ਜਾਣੇ।
ਵੰਡੇ ਦਰਦ ਬੇਗਾਨੇ ਚਾਏ ਕੌਣ ਕਿਸੇ ਦੇ ਚਾਣੇ।

ਝੁਰੜੀਆਂ ਚਿਹਰੇ ਪਿੰਜਰ ਨਿਕਲੇ ਦਿਲ ਦਾ ਮਹਿਰਮ ਕੋਈ ਨਾ,
ਪਲ ਪਲ ਪੈਂਦੇ ਦਿਲ ਦੇ ਟੁਕੜੇ ਲਹੂ ਵਿਚ ਤਲ ਤਲ ਖਾਣੇ।

ਲਾ ਕੇ ਜਾਨ ਦੀ ਬਾਜ਼ੀ ਉਹ ਤਾਂ ਛਾਲ ਝਨਾਂ ਵਿਚ ਮਾਰਨ,
ਚੜ੍ਹੀਆਂ ਕਾਂਗਾਂ ਚੀਰ ਕੇ ਉਹ ਤਾਂ ਲਗਦੇ ਜਾ ਟਿਕਾਣੇ।

ਪੋਚ ਲੈ ਦਿਲ ਦੀ ਪੱਟੀ ਅੜਿਆ ਸਬਕ ਇਸ਼ਕ ਦਾ ਪੜ੍ਹੀਏ,
ਮੁਰਸ਼ਦ ਬਾਝੋਂ ਕਿਹੜਾ ਦਸੇ ਤੈਨੂੰ ਪੂਰਨੇ ਪਾਣੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੱਖੀਓਂ ਉਹਲੇ ਭਾਵੇਂ ਹੁਣ ਅੱਪੜੇ ਦਿਲ ਦੇ ਨੇੜ,
ਦਿਲ ਨੂੰ ਦਿਲ ਦੇ ਨਾਲ ਹੋਵੇ ਰਾਹ ਕੱਥ ਗਏ ਲੰਕ ਸਿਆਣੇ।

ਇਕੋ ਝਲਕ ਮਹਿਬੂਬ ਦੀ ਪਾ ਕੇ ਤੂੰ ਹੀ ਤੂੰ ਪੁਕਾਰਨ,
ਇਸ਼ਕ ਤਮਾਚਾ ਖਾ ਕੇ ਰਹਿੰਦੇ ਨਹੀਂ ਜੇ ਤੋਰ ਟਿਕਾਣੇ।

ਜ਼ਹਿਰ ਉਹਨਾਂ ਨੂੰ ਅੰਮ੍ਰਿਤ ਥੀਵੇ ਲੋਆਂ ਠੰਡੇ ਬੁੱਲੇ,
ਸਿਖਰਾਂ ਛੋਂਹਦੇ ਓਹੀ 'ਹਸਰਤ', ਜਿਨ੍ਹਾਂ ਨੇ ਕੌਲ ਪੁਗਾਣੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਲਾਹਾਂ ਚੋਂ ਮਲਾਹ ਜੀ ਦਾਰ
ਉਹ ਹੁਸ਼ਿਆਰ ਹੁੰਦਾ ਏ ।
ਤੂਫ਼ਾਨਾਂ ਨਾਲ ਜਿਸਦਾ ਟਾਕਰਾ
ਕਈ ਵਾਰ ਹੁੰਦਾ ਏ ।

ਇਵੇਂ ਰੁਖ਼ਸਾਰ ਫੁਲਾਂ ਦੇ
ਨਹੀਂ ਹੁੰਦੇ ਲਾਲ ਤੇ ਸੂਹੇ,
ਤਰੇਲਾਂ ਰੋਣ ਤੇ ਫੁਲਾਂ ਦਾ
ਤਾਂ ਸ਼ਿੰਗਾਰ ਹੁੰਦਾ ਏ ।

ਮੇਰੇ ਛਾਲੇ ਜਿਗਰ ਦੇ ਹੀ
ਮੇਰੀ ਧੀਰਜ ਬਨ੍ਹਾਵਣਗੇ,
ਕਿ ਹਰ ਇਕ ਖਾਰ ਹੀ ਫੁੱਲਾਂ ਦਾ
ਪਹਿਰੇਦਾਰ ਹੁੰਦਾ ਏ ।

ਮੁਹੱਬਤ ਪਿਆਰ ਵਿਚ ਫਿੱਕਾਂ ਹੀ
ਪਾਵਣ ਗੂਹੜੀਆਂ ਮੁਹੱਬਤਾਂ,
ਗ਼ਮਾਂ ਫ਼ਿਕਰਾਂ ਦਾ ਦਿਲ ਤੇ ਭਾਰ
ਗੂਹੜਾ ਪਿਆਰ ਹੁੰਦਾ ਏ ।

ਜਵਾਨੀ ਹੁਸਨ ਤੇ ਰੰਗ ਰੂਪ
ਦਾ ਆਕਾਰ ਹੁੰਦੀ ਏ,
ਸੁਭਾ ਅਣਖੀ ਸ਼ਿੰਗਾਰਾਂ ਚੋਂ
ਬੜਾ ਸ਼ਿੰਗਾਰ ਹੁੰਦਾ ਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਮਿਲਦੇ ਬਿਨਾਂ ਜੀ ਜਾਨ
ਗੋਤਾ ਖੋਰ ਨੂੰ ਮੋਤੀ,
ਬਿਨਾਂ ਹਿੰਮਤ ਸਮੁੰਦਰ ਵਿਚ
ਨਾ ਗੋਤਾ ਮਾਰ ਹੁੰਦਾ ਏ ।

ਅਨੇਕਾਂ ਤੀਲਿਆਂ ਦਾ ਭਾਰ
ਭਾਰਾ ਚੁੰਜ ਹੈ ਚਾਂਦੀ,
ਠਿਕਾਣਾ ਤਾਂ ਕਿਸੇ ਪਰਵਾਰ
ਦਾ ਤਿਆਰ ਹੁੰਦਾ ਏ ।

ਹਜ਼ਾਰਾਂ ਮੋਤੀ ਸ਼ਬਨਮ ਦੇ
ਜਦੋਂ ਪੈਰਾਂ 'ਚ ਰੁਲਦੇ ਨੇ,
ਉਦੋਂ ਗੁਲਸ਼ਨ ਦੀ ਸੋਹਣੀ
ਮਾਂਗ ਦਾ ਸ਼ਿੰਗਾਰ ਹੁੰਦਾ ਏ।

ਬੁਝਾਵੇਗਾ ਤਪਸ਼ ਮੇਰੀ
ਇਕੋ ਅਥਰੂ ਮੇਰਾ ਸਾਕੀ,
ਨਿਕਲ ਕੇ ਅਣਗਿਣਤ ਭੱਠੀਆਂ
ਚੋਂ ਇਹ ਤਿਆਰ ਹੁੰਦਾ ਏ।

ਮੇਰੇ ਪਰਮਾਤਮਾ ਮੈਂ ਪੈ ਗਿਆ
ਹਾਂ ਕਿਸ ਦੋਰਾਹੇ ਤੇ,
ਨਾ ਬੇੜਾ ਆਰ ਹੁੰਦਾ ਏ
ਨਾ ਬੇੜਾ ਪਾਰ ਹੁੰਦਾ ਏ ।

ਭੜਕਨਾਂ ਦਿਲ ਦੀ, ਦਿਲ ਦਾ
ਭਾਰ ਹੌਲਾ ਕਰ ਨਹੀਂ ਸਕਦੀ,
ਐ 'ਹਸਰਤ' ਉਦਮ ਵਾਲੇ ਦਾ,
ਹੀ ਬੇੜਾ ਪਾਰ ਹੁੰਦਾ ਏ ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਹਨੂੰ ਮੂੰਹ ਸਿਰ ਵੱਟੇ ਕੋਈ ।
ਆਪਣਾ ਖਾਵੇ ਖੱਟੇ ਕੋਈ ।

ਬੂਹੇ ਬੂਹੇ ਮੈਂ ਹਾਂ ਰੁਲਦਾ,
ਛੱਜੀਂ ਛੱਜੀਂ ਛੱਟੇ ਕੋਈ ।

ਮੇਰੇ ਕੀਤੇ ਅਜ ਪਾਵੇ,
ਬੁੱਕੀਂ ਬੁੱਕੀਂ ਘੱਟ ਕੋਈ ।

ਨਹੁੰ ਨਹੁੰ ਖੋਟੀ ਸਾਰੀ ਦੁਨੀਆਂ,
ਪੈਰ ਘਰੋਂ ਨਾ ਪੱਟੇ ਕੋਈ ।

ਨਾ ਲਾਵੇ ਤੇ ਨਾ ਪਛਤਾਵੇ,
ਨਾ ਥੁਕੇ ਨਾ ਚੱਟੇ ਕੋਈ ।

ਸਾਂਝਾਂ ਪਾ ਕੇ ਕਾਹਨੂੰ ਪਾਵੇ,
ਮੇਰੀ ਬੇੜੀ ਵੱਟੇ ਕੋਈ ।

ਉਹਦੇ ਪੈਰੀਂ ਮੰਜ਼ਲ ਪੈਂਦੀ,
ਪੈਰ ਘਰੋਂ ਜੇ ਪੱਟੇ ਕੋਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੀਸਾਂ ਤੇ ਤ੍ਰਾਟਾਂ ਨੇ ਹਾਵਾਂ ਦੇ ਹੁੰਗਾਰੇ ਨੇ।
ਇਹ ਪ੍ਰੇਮ ਪੰਘੂੜਾ ਏ, ਇਹ ਇਸ਼ਕ ਹੁਲਾਰੇ ਨੇ।

ਰੁੱਠੇ ਹੋਏ ਮਾਹੀ ਨੂੰ ਕੋਈ ਮੋੜ ਲਿਆਓ ਨੀ,
ਰੋਸੇ ਉਹਦੇ ਭਾਰੇ ਨੇ, ਚਾਅ ਮੇਰੇ ਕੁਆਰੇ ਨੇ।

ਅਜ ਤਪਦੀਆਂ ਰੇਤਾਂ ਵਿਚ ਭਾਲਾਂ ਪਈ ਮਾਹੀ ਨੂੰ,
ਪਾਈ ਏ ਕਹਾਣੀ ਕੇਹੀ ਉਸ ਬੇਇਤਬਾਰੇ ਨੇ।

ਇਸ ਜਿੰਦ ਨਮਾਣੀ ਦੇ ਭਾਗਾਂ ਵਿਚ ਹਾਨੀ ਏ,
ਸ਼ਾਇਦ ਮੇਰੀ ਕਿਸਮਤ ਵਿਚ ਘਾਟੇ ਤੇ ਖਸਾਰੇ ਨੇ।

ਗਏ ਮਾਣ ਦੇ ਚੋਲੇ ਤੋਂ ਨਹੀਂ ਦਾਗ਼ ਗੁਨਾਹਾਂ ਦੇ,
ਲਾਲਚ ਵੀ ਝੰਜੋਲੇ ਨੇ ਕਈ ਲੋਭ ਨਤਾਰੇ ਨੇ।

ਹਾਏ ਅੱਖ ਮਿਲਾਈ ਨਹੀਂ ਉਸ ਅੰਬਰੀ ਲਾੜੇ ਨੇ,
ਕਈ ਹਾੜੇ ਕੀਤੇ ਨੇ ਕਈ ਤਰਲੇ ਮਾਰੇ ਨੇ।

ਨਾ ਖੋਜ ਖੁਰਾ ਮਿਲਿਆ ਸਜਣਾ ਤੇਰੀ ਡਾਚੀ ਦਾ,
ਸਭ ਹਿੰਮਤਾਂ ਟੁਟੀਆਂ ਨੇ ਸਭ ਹੌਸਲੇ ਹਾਰੇ ਨੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਤੇਰੇ ਇਸ਼ਕ 'ਚ ਗ਼ਲਤਾਨ ਵੀ ਹੋ ਸਕਦੇ ਨੇ।
ਉਹੀ ਦਾਨੇ ਵੀ ਤੇ ਨਾਦਾਨ ਵੀ ਹੋ ਸਕਦੇ ਨੇ।

ਇਸ਼ਕ ਦੀ ਤਾਬ ਜਿਨ੍ਹਾਂ ਕੋਲੋਂ ਗਈ ਨਾ ਝੱਲੀ,
ਇਸ਼ਕ ਦੀ ਤਾਬ ਤੇ ਕੁਰਬਾਨ ਵੀ ਹੋ ਸਕਦੇ ਨੇ।

ਆਲਸੋ ਮੇਰਿਆਂ ਉਦਮਾਂ ਦੀ ਨਾ ਢਾਓ ਢੇਰੀ,
ਪੈਂਡੇ ਅੱਥਰੇ ਸਹੀ ਆਸਾਨ ਵੀ ਹੋ ਸਕਦੇ ਨੇ।

ਮੇਰੇ ਹੌਂਝੂਆਂ ਦਾ ਹਰ ਵੇਲੇ ਉੜਾਓ ਨਾ ਮਜ਼ਾਕ,
ਇਹਨਾਂ ਹੌਂਝੂਆਂ 'ਚ ਕਈ ਤੂਫ਼ਾਨ ਵੀ ਹੋ ਸਕਦੇ ਨੇ।

ਖ਼ਾਰ ਬਣ ਕੇ ਜੋ ਰੜਕਦੇ ਨੇ ਤੇਰੇ ਨੈਣਾਂ ਵਿਚ,
ਤੇਰੇ ਫੁੱਲਾਂ ਦੇ ਨਿਗ੍ਹੇਬਾਨ ਵੀ ਹੋ ਸਕਦੇ ਨੇ।

ਤੇਰੀਆਂ ਸੱਧਰਾਂ ਤੋਂ ਸੌ ਜਾਨ ਤੇ ਵਾਰੀ ਜਾਵਾਂ,
ਕਦੇ ਪੂਰੇ ਮੇਰੇ ਅਰਮਾਨ ਵੀ ਹੋ ਸਕਦੇ ਨੇ।

ਸਾਵਿਆਂ ਪਤਰਾਂ ਜਿੱਥੇ ਸਾੜ ਹੈ ਧੁੱਪ ਦਾ ਪੀਤਾ,
ਉਹ ਮੇਰੇ ਆਲ੍ਹਣੇ ਦੇ ਟਾਹਣ ਵੀ ਹੋ ਸਕਦੇ ਨੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਥੇਰਾ ਦਿਲ ਨੂੰ ਸਮਝਾਨਾ ਇਹ ਸਮਝਾਇਆ ਨਹੀਂ ਜਾਂਦਾ।
ਅਨੋਖੇ ਰੋਗ ਦਾ ਭਿੰਨ ਭੇਦ ਕੁਝ ਪਾਇਆ ਨਹੀਂ ਜਾਂਦਾ।

ਅਜਿਹੀ ਕਸ਼ਮਕਸ਼ ਵਿਚ ਫਸ ਗਈ ਏ ਜਿੰਦੜੀ ਮੇਰੀ,
ਕਿਤੇ ਆਇਆ ਨਹੀਂ ਜਾਂਦਾ, ਕਿਤੇ ਜਾਇਆ ਨਹੀਂ ਜਾਂਦਾ।

ਚੜ੍ਹਾ ਕੇ ਇਸ਼ਕ ਦੀ ਭੇਟੇ ਜਵਾਨੀ, ਮਾਣ, ਧਨ, ਦੌਲਤ,
ਲੁਟਾ ਕੇ ਦਿਲ, ਗਵਾ ਕੇ ਹੋਸ਼ ਪਛਤਾਇਆ ਨਹੀਂ ਜਾਂਦਾ।

ਜਦੋਂ ਜਲ ਭੁੰਨ ਗਏ ਹੋਵਣ ਤੇ ਦੋ ਦਿਲ ਭਿੱਜ ਨਹੀਂ ਸਕਦੇ,
ਤਰੇੜਾਂ ਖਾਧੇ ਪੈਮਾਨੇ ਨੂੰ ਖਣਕਾਇਆ ਨਹੀਂ ਜਾਂਦਾ।

ਕਰਾਂ ਨਾਕਾਮਯਾਬੀ ਤੇ ਮੈਂ ਪਸ਼ਚਾਤਾਪ ਨਾ ਮੁਮਕਿਨ,
ਕਫ਼ਨ ਸਿਰ ਬੰਨ੍ਹ ਕੇ ਮੇਰੀ ਜਾਨ ਪਛਤਾਇਆ ਨਹੀਂ ਜਾਂਦਾ।

ਇਹ ਵਖਰੀ ਗੱਲ ਹੈ ਟੁੱਭੀ ਗਿਆ ਤਾਰੂ ਹੀ ਡੁਬ ਜਾਵੇ,
ਬਿਨਾਂ ਟੁਭੀਓਂ ਕਦੇ 'ਹਸਰਤ' ਗੌਹਰ ਪਾਇਆ ਨਹੀਂ ਜਾਂਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੂੰਹ ਹਨੇਰੇ ਮੇਰੇ ਘਰ
ਖੁਸ਼ੀਆਂ ਦੀਆਂ ਡਾਰਾਂ ਆਈਆਂ ।
ਭਾਗ ਭਾਗਾਂ ਨੂੰ ਜਦੋਂ
ਲਾਣ ਬਹਾਰਾਂ ਆਈਆਂ ।

ਦਿਲ ਦੀਆਂ ਧੜਕਣਾਂ ਜਦ
ਹਿਜਰ ਦੇ ਨਗ਼ਮੇ ਛੇੜੇ
ਤੇਰੀਆਂ ਯਾਦਾਂ ਓਦੋਂ
ਮੈਨੂੰ ਹਜ਼ਾਰਾਂ ਆਈਆਂ ।

ਜਾਨ ਤੇ ਖੇਡ ਗਏ
ਹੁਸਨ ਦੇ ਦੀਵਾਨੇ ਜਦ
ਇਸ਼ਕ ਨੂੰ ਵਾਧੇ ਪਏ
ਹੁਸਨ ਨੂੰ ਹਾਰਾਂ ਆਈਆਂ ।

ਚਾਰ ਤੀਲੇ ਨ ਮਿਲੇ,
ਤੇਰੇ ਚਮਨ 'ਚੋਂ ਸਾਨੂੰ
ਤੇਰਿਆਂ ਬਾਗਾਂ ਵਿਚ
ਕੇਹੀਆਂ ਬਹਾਰਾਂ ਆਈਆਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋ ਚੁਕੇ ਨਾ ਪਰਿਭਾਸ਼ਤ ਏ
ਕੂੜ ਕਲੇਜੇ ਕਾਹਨੂੰ
ਦਿਲ ਦਿਆਂ ਸ਼ੀਸ਼ਿਆਂ ਵਿਚ
ਕਾਹਨੂੰ ਲਕਾਰਾਂ ਆਈਆਂ।

ਸੋਚਦੇ ਸੋਚਦੇ ਹੀ ਮਾਰੀ ਏ
ਮਤ ਬੁਧ ਆਪਣੀ
ਫੇਰ ਵੀ ਸੋਚਾਂ ਨੂੰ ਨਹੀਂ
ਸੋਚਾਂ ਵਿਚਾਰਾਂ ਆਈਆਂ।

ਗਾਲ ਛਡੀ ਏ ਉਡੀਕਾਂ
'ਚ ਜਵਾਨੀ ਆਪਣੀ
ਹਾਲੀ ਤਕ ਹੁਸਨ ਦੀਆਂ
ਨਹੀਂ ਸਰਕਾਰਾਂ ਆਈਆਂ।

ਉਮਰ ਭਰ ਝੁਰਦੀ ਰਹੀ
ਜ਼ਿੰਦਗੀ ਆਪਣੀ 'ਹਸਰਤ'
ਮੈਨੂੰ ਹਰ ਮੋੜ ਉਤੇ
ਹਾਰਾਂ ਤੇ ਹਾਰਾਂ ਆਈਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਨ ਪਏ ਦੇਣ ਡਰਾਵੇ
ਤੇ ਗ਼ਜ਼ਲ ਛੇੜ ਬਹਾਂ ।
ਰਾਤ ਨੂੰ ਨੀਂਦ ਨਾ ਆਵੇ
ਤੇ ਗ਼ਜ਼ਲ ਛੇੜ ਬਹਾਂ ।

ਆਉਣ ਹੌਕੇ ਅਤੇ ਹਾਵੇ
ਤੇ ਗ਼ਜ਼ਲ ਛੇੜ ਬਹਾਂ ।
ਹਰ ਖ਼ੁਸ਼ੀ ਦਰਦ ਹੰਢਾਵੇ
ਤੇ ਗ਼ਜ਼ਲ ਛੇੜ ਬਹਾਂ ।

ਤਲਖ਼ ਯਾਦਾਂ ਦੇ ਹੋਵਾਂ
ਮੂਕ ਮਹੱਲ ਵਿਚ ਬੈਠਾ
ਜ਼ਿੰਦਗੀ ਘੜੀਆਂ ਗਾਵੇ
ਤੇ ਗ਼ਜ਼ਲ ਛੇੜ ਬਹਾਂ ।

ਆਸ ਦੀ ਕੋਈ ਕਿਰਨ
ਮੈਨੂੰ ਨਜ਼ਰ ਨਾ ਆਵੇ,
ਦਿਲ ਪਿਆ ਢੇਰੀਆਂ ਢਾਵੇ
ਤੇ ਗ਼ਜ਼ਲ ਛੇੜ ਬਹਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾ ਰੋਵੇ ਭੁਖਾ ਕੋਈ
ਮੇਰੇ ਵਤਨ ਦਾ ਵਾਸੀ,
ਹਰ ਕੋਈ ਰੱਜ ਕੇ ਖਾਵੇ
ਤੇ ਗ਼ਜ਼ਲ ਛੇੜ ਬਹਾਂ ।

ਚੂਸਦੇ ਖੂਨ ਰਈਅਤ ਦਾ
ਨਾ ਹੋਵਣ ਹਾਕਮ,
ਬਾੜ ਖੇਤਾਂ ਨੂੰ ਨਾ ਖਾਵੇ,
ਤੇ ਗ਼ਜ਼ਲ ਛੇੜ ਬਹਾਂ ।

ਹੋਣ ਦਿਨ ਭਾਗੀਂ ਭਰੇ
ਨੂਰਾਂ 'ਚ ਭਿੱਜੀਆਂ ਰਾਤਾਂ
ਇਨਕਲਾਬ ਏਦਾਂ ਦਾ ਆਵੇ
ਤੇ ਗ਼ਜ਼ਲ ਛੇੜ ਬਹਾਂ ।

ਜਿਸ ਤਰ੍ਹਾਂ ਨੂਰੀ ਗਗਨ
ਸੋਂਹਦਾ ਏ ਭਾਗਾਂ ਭਰਿਆ,
ਇਸ ਤਰ੍ਹਾਂ ਧਰਤ ਸੁਹਾਵੇ
ਤੇ ਗ਼ਜ਼ਲ ਛੇੜ ਬਹਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਣਦਿਆਂ ਤਾਰੇ ਸਿਰੋਂ
ਰਾਤ ਢਲੀ ਤੇਰੇ ਬਿਨਾਂ।
ਚਾਨਣੀ ਹੱਸਦੀ ਰਹੀ
ਸਿਰ ਤੇ ਖਲੀ ਤੇਰੇ ਬਿਨਾਂ।

ਲੋਰੀਆਂ ਦੇਂਦੇ ਰਹੇ
ਮਸਤ ਬਹਾਰਾਂ ਦੇ ਰਬਾਬ
ਨ ਖਿੜੀ ਸੋਗ ਭਰੀ
ਦਿਲ ਦੀ ਕਲੀ ਤੇਰੇ ਬਿਨਾਂ ।

ਭਾਲਦਾ ਤੈਨੂੰ ਰਿਹਾ
ਲੈ ਕੇ ਉਮੀਦਾਂ ਦੇ ਚਿਰਾਗ਼ ।
ਠੋਕਰਾਂ ਖਾਧੀਆਂ ਸੌ
ਗਲੀਓ ਗਲੀ ਤੇਰੇ ਬਿਨਾਂ ।

ਜਾ ਰਿਹਾਂ ਆਸਾਂ ਉਮੀਦਾਂ ਨੂੰ
ਗ਼ਮਾਂ ਵਿਚ ਢਾਲੀ
ਬੇਕਰਾਰਾਂ ਦੀ ਤਰ੍ਹਾਂ
ਤਲੀਆਂ ਮਲੀ ਤੇਰੇ ਬਿਨਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਉਂ ਕਰਾਂ ਤੇਰੇ ਬਿਨਾਂ
ਹੋਰ ਕਿਸੇ ਨੂੰ ਸਿਜਦਾ
ਕਿਉਂ ਚੜ੍ਹਾਵਾਂ ਮੈਂ
ਮੁਹੱਬਤਾਂ ਦੀ ਬਲੀ ਤੇਰੇ ਬਿਨਾਂ।

ਤੱਤੀਆਂ ਰੇਤਾਂ ਦੇ ਵਿਚ
ਭਾਲਦੇ ਰਹੇ ਤੇਰੇ ਨਿਸ਼ਾਂ
ਗਰਮੀਆਂ ਕਾਹੜਿਆਂ ਵਿਚ
ਜਾਨ ਤਲੀ ਤੇਰੇ ਬਿਨਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਜ਼ਾਰਾਂ ਚੋਂ ਤੂੰ ਤੂੰ ਪੁਕਾਰੇ ਜੇ ਕੋਈ ।
ਨ ਡੁਬੇ ਝਨਾਂ ਛਾਲ ਮਾਰੇ ਜੇ ਕੋਈ ।

ਕਦੇ ਪੈਣ ਨਾ ਉਹਨੂੰ ਘਾਟੇ ਖਸਾਰੇ,
ਅਖੀਰ ਆਪਣਾ ਪਹਿਲਾਂ ਚਿਤਾਰੇ ਜੇ ਕੋਈ।

ਖੁਦਾ ਵਾਂਗ ਪੂਜਾਂ ਦਿਨੇ ਰਾਤ ਉਹਨੂੰ,
ਮੇਰੇ ਭਾਗ ਵਿਗੜੇ ਸਵਾਰੇ ਜੇ ਕੋਈ।

ਕਦੇ ਕਿਰਤਘਨ ਨਾਲ ਲਾਏ ਨਾ ਯਾਰੀ,
ਮੇਰੇ ਦਿਲ ਦੀ ਧੜਕਣ ਵਿਚਾਰੇ ਜੇ ਕੋਈ।

ਨਜ਼ਰ ਆਉਣਗੇ ਉਹਨੂੰ ਧੱਬੇ ਅਨੇਕਾਂ
ਜ਼ਮਾਨੇ ਦੀ ਚਾਦਰ ਖਲਾਰੇ ਜੇ ਕੋਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੀ ਭਾਵਨਾਵਾਂ ਦੇ ਸਾਗਰ ਨਾ ਤੋੜ,
ਤੇਰੇ ਮੈਕਦੇ ਨੂੰ ਸ਼ਿੰਗਾਰੇ ਜੇ ਕੋਈ ।

ਲਬਾਂ ਤਕ ਹੀ ਆਉਂਦੇ ਚਤਾਰੇ ਉਲਾਂਭੇ,
ਬੜੀ ਤੋਂ ਬੜੀ ਛਾਲ ਮਾਰੇ ਜੇ ਕੋਈ।

ਮੇਰੀ ਕਲਪਨਾ ਦੇ ਚੜ੍ਹਾਵੇ ਚੜ੍ਹਾਵੇ
ਤੇਰੀ ਆਰਤੀਆਂ ਉਤਾਰੇ ਜੇ ਕੋਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵਾ ਦਾ ਰੁਖ਼ ਬਦਲਦਾ ਜਾ ਰਿਹਾ ਏ ।
ਬਹਾਰਾਂ ਕੌਣ ਲੈ ਕੇ ਆ ਰਿਹਾ ਏ ।

ਭਰੀ ਮਹਿਫਲ 'ਚ ਨੈਣਾਂ ਨਾਲ ਕੋਈ,
ਅਨੇਕਾਂ ਮਸਤੀਆਂ ਵਰਤਾ ਰਿਹਾ ਏ ।

ਮੇਰਾ ਬਹੁਤਾ ਸਕਾ ਬਣਿਆਂ ਰਿਹਾ ਉਹ,
ਜੋ ਲਾਂਦਾ ਰੋਜ਼ ਮੈਨੂੰ ਦਾਅ ਰਿਹਾ ਏ ।

ਉਮੀਦਾਂ ਦੇ ਸਿਤਾਰੇ ਟੁਟ ਰਹੇ ਨੇ,
ਯਕੀਂ ਅਜ ਫੇਰ ਧੋਖਾ ਖਾ ਰਿਹਾ ਏ।

ਉਬਾਸੀ ਤੇ ਉਬਾਸੀ ਹਾਏ ਰੱਬਾ,
ਕੋਈ ਲਾਰੇ ਤੇ ਲਾਰੇ ਲਾ ਰਿਹਾ ਏ।

ਭੜਕਨਾ ਕਹਿ ਰਹੀ ਏ ਦਿਲ ਦੀ 'ਹਸਰਤ'
ਔਹ ਸਾਕੀ ਆ ਰਿਹਾ ਏ ਆ ਰਿਹਾ ਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੱਧਰਾਂ ਚਾਵਾਂ ਢਾਈ ਢੇਰੀ ।
ਹਾਏ ਨਿਖੁੱਟੀ ਕਿਸਮਤ ਮੇਰੀ ।

ਐਸੀ ਝੁਲੀ ਲਾਲ ਹਨੇਰੀ ।
ਝੁੱਗੇ ਹੋਏ ਖੇਰੂੰ ਖੇਰੀ ।

ਨਿਸਦਿਨ ਨੈਣ ਲੁਟਾਵਣ ਹੰਝੂ.
ਆਪਣੀ ਜਾਣ ਕੇ ਦੌਲਤ ਮੇਰੀ ।

ਨਿਰਦੋਸ਼ਾਂ ਦੀਆਂ ਲਾਸ਼ਾਂ ਉਤੇ,
ਏਸ ਸਮੇਂ ਨਾ ਅੱਥਰ ਕੇਰੀ ।

ਝੁਲੇ ਮੋਇਆ ਬੂਟਾ ਬੂਟਾ,
ਪੱਤਾ ਪੱਤਾ ਖੇਰੂ ਖੇਰੀ ।

ਸੋਹਣੇ ਮੁਖ ਤੋਂ ਘੁੰਗਟ ਲਾਹ ਦੇ,
ਕੀਕਣ ਲੰਘੇ ਰਾਤ ਹਨੇਰੀ ।

ਨੇੜੇ ਨੇੜੇ 'ਹਸਰਤ' ਮੰਜ਼ਿਲ,
ਮੈਂ ਮੰਜ਼ਲ ਦਾ ਮੰਜ਼ਲ ਮੇਰੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਸ ਦੀ ਆਓ ਆਈ ਅੱਜ ।
ਨੈਣਾਂ ਵਿਚ ਸਮਾਈ ਅੱਜ ।

ਕਰ ਲੈ ਲੇਖ ਲਿਖਾਈ ਅੱਜ ।
ਗਿਣ ਲੈ ਪਾਈ ਪਾਈ ਅੱਜ ।

ਰਾਤੀਂ ਅੱਖ ਨਹੀਂ ਲਾਈ ਅੱਜ ।
ਤੂੰ ਵੀ ਹੱਦ ਮੁਕਾਈ ਅੱਜ ।

ਹੱਦਾਂ ਬੰਨੇ ਪਾਵੇ ਪਈ,
ਤੇਰੀ ਕਿਉਂ ਖੁਦਾਈ ਅੱਜ ।

ਕੌਣ ਕਿਸੇ ਦੇ ਵੰਡੇ ਦੁਖ,
ਜਾਣੇ ਪੀੜ ਪਰਾਈ ਅੱਜ ।

ਰਹਿ ਰਹਿ ਚੇਤੇ ਆਉਂਦੀ ਏ,
ਉਹਦੀ ਬੇ ਪਰਵਾਹੀ ਅੱਜ ।

'ਹਸਰਤ' ਰਹਿੰਦੀ ਖੂੰਹਦੀ ਵੀ
ਉਹਨੇ ਗੱਲ ਗਵਾਈ ਅੱਜ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਮਾਂ ਤੜਪ ਰਹੇ ਨੇ ਤੇ ਆਸਾ ਨਿਰਾਸ ਹੈ ।
ਬੇਤਾਬ ਦਿਲ ਨੂੰ ਫਿਰ ਵੀ ਮਿਲਨੇ ਦੀ ਆਸ ਹੈ ।

ਤੇਰੇ ਹੀ ਨਾਲ ਰੌਣਕਾਂ ਛਣਕਣ ਗਲੀ ਗਲੀ,
ਤੇਰੇ ਬਿਨਾਂ ਚਮਨ ਦਾ ਚਮਨ ਹੀ ਉਦਾਸ ਹੈ।

ਆ ਬਾਗ਼ ਬਾਗ਼ ਟਹਿਲੀਏ ਹੋ ਜਾਈਏ ਬਾਗ਼ ਬਾਗ਼
ਆ ਵੇਖ ਚੱਪੇ ਚੱਪੇ ਬਹਾਰਾਂ ਦਾ ਵਾਸ ਹੈ।

ਹੁਣ ਮੁਸਕਰਾ ਰਹੇ ਨੇ ਮੇਰੇ ਦਿਲ ਦੇ ਹੌਸਲੇ,
ਕਹਿੰਦੇ ਨੇ ਅਜ ਤੂਫ਼ਾਨ ਦਾ ਵੀ ਜ਼ੋਰ ਖ਼ਾਸ ਹੈ।

ਉਸ ਤੋਂ ਨਾ ਰਖ ਉਮੀਦ ਉਸ ਤੋਂ ਨਾ ਆਸ ਰਖ,
ਜਿਸ ਦਿਲ 'ਚ ਧੋਖਿਆਂ ਤੇ ਫਰੇਬਾਂ ਦਾ ਵਾਸ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਾਨਣੀ ਤੂੰ ਨਹੀਂ ਖਲਾਰੀ ਕੀ ਕਰਾਂ ।
ਜਾਗਿਆ ਹਾਂ ਰਾਤ ਸਾਰੀ ਕੀ ਕਰਾਂ ।

ਕਦਰ ਯਾਰੀ ਦੀ ਨਹੀਂ ਜੋ ਜਾਣਦੇ,
ਉਹਨਾਂ ਯਾਰਾਂ ਦੀ ਮੈਂ ਯਾਰੀ ਕੀ ਕਰਾਂ ।

ਚਾਸ਼ਣੀ ਜਿਸ ਵਿਚ ਬਹਾਰਾਂ ਦੀ ਨਹੀਂ,
ਉਹ ਹਵਾ ਮੈਂ ਬੇਬਹਾਰੀ ਕੀ ਕਰਾਂ ।

ਆਪਣੀ ਹੋਮੇਂ ਵੀ ਤਾਂ ਕੋਈ ਚੀਜ਼ ਹੈ,
ਨਾਲ ਹੋਛੇ ਲਾ ਕੇ ਯਾਰੀ ਕੀ ਕਰਾਂ ।

ਤੇਰੇ ਮੇਰੇ ਅੱਜ ਅਮੁੱਲੇ ਪਿਆਰ ਵਿਚ,
ਕਿਉਂ ਕਿਸੇ ਨੇ ਫੂਕ ਮਾਰੀ ਕੀ ਕਰਾਂ ।

ਕੀ ਭਰੋਸਾ ਜ਼ਿੰਦਗੀ ਦਾ 'ਹਸਰਤ'
ਜ਼ਿੰਦਗੀ ਦੀ ਪਹਿਰੇਦਾਰੀ ਕੀ ਕਰਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਕਦੇ ਰਹਿੰਦੇ ਨੈਣ ਚਕੋਰੇ,
ਤੇਰੇ ਜਲਵੇ ਉੱਜਲ ਗੋਰੇ ।

ਹੋਵੇ ਨਾ ਘਰ ਮੇਰਾ ਖੋਰੇ,
ਜਿਸ ਦੇ ਚਿੜੀਆਂ ਤੀਲੇ ਭੋਰੇ ।

ਮੈਨੂੰ ਫਿਕਰਾਂ ਮਾਰ ਮੁਕਾਇਆ,
ਮੈਨੂੰ ਖਾ ਗਏ ਤੇਰੇ ਝੋਰੇ ।

ਤੈਨੂੰ ਚਾਹੇ ਦੁਨੀਆਂ ਸਾਰੀ,
ਮੇਰੇ ਦੁਸ਼ਮਨ ਦੋਹਰੇ ਦੋਹਰੇ ।

ਛੱਜੀਂ ਛੱਟਿਆ ਏਸ ਜ਼ਮਾਨੇ,
ਮਨ ਦੇ ਕਾਲੇ ਤਨ ਦੇ ਗੋਰੇ ।

ਕੀ ਦੱਸਾਂ ਕੀ ਮਿਲਿਆ ਮੈਨੂੰ,
ਦੁਖੜੇ, ਗ਼ਮ, ਹਾਵਾਂ, ਹਟਕੋਰੇ ।

ਕਹਿਰ ਖ਼ੁਦਾ ਦਾ ਕੰਢੇ ਆ ਕੇ,
ਹੱਥੋਂ ਟੁੱਟੇ ਰੱਸ ਡੋਰੇ ।

ਉਹ ਨਾ ਬਹੁੜੇ ਅਜ ਤਕ 'ਹਸਰਤ',
ਜਿਹੜੇ ਆਪਣੀਂ ਹੱਥੀਂ ਤੋਰੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੇਕਰਾਰੀ 'ਚ ਰਾਤ ਬੀਤੀ ਏ।
ਤੂੰ ਮੇਰੇ ਨਾਲ ਚੰਗੀ ਕੀਤੀ ਏ।

ਦਾਤ ਖੁਸ਼ੀਆਂ ਦੀ ਰੱਬ ਨੇ ਬਖਸ਼ੀ ਸੀ,
ਉਹ ਵੀ ਫਿਕਰਾਂ ਨੇ ਘੋਲ ਪੀਤੀ ਏ।

ਜਾਗ ਉਠੀਆਂ ਨੇ ਸੁੱਤੀਆਂ ਪੀੜਾਂ,
ਯਾਦ ਤੇਰੀ ਜਦੋਂ ਵੀ ਕੀਤੀ ਏ।

ਕਿੱਸਾ ਮਜਨੂੰ ਦਾ ਛੇੜਿਆ ਕਿਉਂ ਜੇ,
ਇਹ ਤਾਂ ਮੇਰੀ ਹੀ ਆਪ ਬੀਤੀ ਏ।

ਆਪ ਆਪਣੀ ਮਦੱਦ ਮੈਂ ਕਰਦਾ ਹਾਂ
ਆਪ ਘੋਟੀ ਏ ਆਪ ਪੀਤੀ ਏ।

ਇਹ ਸਵਾਬਾਂ ਗੁਨਾਹਾਂ ਦੀ ਗੁਦੜੀ,
ਆਪ ਉਧੇੜੀ ਏ ਆਪ ਸੀਤੀ ਏ।

ਜੁਰਿਆ ਜਾਵਾਂ ਪਤਾ ਨਹੀਂ 'ਹਸਰਤ'
ਕਿੰਨੀ ਬਾਕੀ ਹੈ ਕਿੰਨੀ ਬੀਤੀ ਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਦਾ ਦਿਲ ਪਾਮਾਲ ਨਹੀਂ ।
ਹੁੰਦਾ ਉਹ ਖੁਸ਼ਹਾਲ ਨਹੀਂ ।

ਸਮਝਾਂ ਵਾਲੇ ਗਿਣਤੀ ਦੇ,
ਬੇਸਮਝਾਂ ਦਾ ਕਾਲ ਨਹੀਂ ।

ਕਿਸ ਨੂੰ ਤੇਰੀ ਤਾਂਘ ਨਹੀਂ,
ਕਿਸ ਨੂੰ ਤੇਰੀ ਭਾਲ ਨਹੀਂ ।

ਘਰ ਆਇਆਂ ਦਾ ਆਦਰ ਕਰ,
ਗੱਲਾਂ ਰਾਹੀਂ ਟਾਲ ਨਹੀਂ ।

ਕਿਹੜਾ ਆਇਆ ਮਹਿਫਲ ਵਿਚ,
ਝੱਲੀ ਜਾਂਦੀ ਝਾਲ ਨਹੀਂ ।

ਸਾਰੀ ਦੁਨੀਆਂ ਮਤਲਬ ਦੀ
ਏਥੇ ਸੁਖ ਨੂੰ ਭਾਲ ਨਹੀਂ

ਦਿਲ ਵਾਲੇ ਦਾ ਔਕੜ ਵਿਚ,
ਵਿੰਗਾਂ ਹੁੰਦਾ ਵਾਲ ਨਹੀਂ ।

'ਹਸਰਤ' ਭਾਵੇਂ ਮੁਫਲਿਸ ਏ,
ਪਰ ਦਿਲ ਦਾ ਕੰਗਾਲ ਨਹੀਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਖ਼ਮ ਦਿਲ ਦੇ ਨ ਗਏ ਸੀਨੇ ਦੇ ਛਾਲੇ ਨ ਗਏ।
ਕਾਲੀਆਂ ਰਾਤਾਂ ਮੇਰੇ ਦਿਨ ਧੁੰਦਿਆਲੇ ਨ ਗਏ।

ਤੇਰੇ ਬੂਹੇ ਤੇ ਅਜਿਹੇ ਡਿੱਗੇ ਉਠਾਲੇ ਨ ਗਏ।
ਝਾਲ ਝੱਲੀ ਨ ਗਈ ਹੋਸ਼ ਸੰਭਾਲੇ ਨ ਗਏ।

ਆਈ ਥਾਂ ਥਾਂ ਤੇ ਬੜੀ ਭਾਰੀ ਰੁਕਾਵਟ ਮੈਨੂੰ,
ਦੀਵੇ ਭਾਗਾਂ ਦੇ ਬੁਝੇ ਐਸੇ ਕਿ ਬਾਲੇ ਨ ਗਏ।

ਮੈਂ ਤਿਹਾਇਆ ਹੀ ਰਿਹਾ ਤੇਰੇ ਬੂਹੇ ਤੇ ਸਾਕੀ,
ਕੌੜੇ ਘੁਟ ਤੈਥੋਂ ਦੇ ਅਫ਼ਸੋਸ ਪਿਆਲੇ ਨ ਗਏ।

ਚਾਰ ਦਿਨ ਮੈਥੋਂ ਸੰਭਾਲੇ ਨ ਗਏ ਖੁਸ਼ੀਆਂ ਦੇ,
ਚਾਰ ਦਿਨ ਤੈਥੋਂ ਜਵਾਨੀ ਦੇ ਸੰਭਾਲੇ ਨ ਗਏ।

ਨ੍ਹੇਰਿਆਂ ਵਿਚ ਨੇ ਕਈ ਹਾਲੀ ਭਟਕਦੀਆਂ ਰੂਹਾਂ,
ਨੇੜੇ ਜਿਨ੍ਹਾਂ ਦੇ ਅਜੇ ਤੀਕ ਉਜਾਲੇ ਨ ਗਏ।

ਲੇਖ ਜੋ ਲਿਖੇ ਗਏ ਲਿਖੇ ਗਏ ਨੇ 'ਹਸਰਤ'
ਨ ਟਲੇ ਪਰ ਨ ਟਲੇ ਟਾਲਿਆਂ ਟਾਲੇ ਨ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹਦਾ ਵੀ ਖਾ ਲਿਆ ਏ,
ਉਹਦਾ ਵੀ ਖਾ ਲਿਆ ਏ ।
ਨੀਅਤ ਦੇ ਮਾਰਿਆਂ ਨੂੰ
ਮੈਂ ਆਜ਼ਮਾ ਲਿਆ ਏ ।

ਪਛਤਾ ਰਿਹਾ ਹਾਂ ਕਿਹੜੀ
ਹੋਈ ਖ਼ਤਾ ਹੈ ਮੈਥੋਂ,
ਦੁਸ਼ਮਣ ਨੂੰ ਜਾਣ ਬੁਝ ਕੇ
ਆਪਣਾ ਬਣਾ ਲਿਆ ਏ ।

ਸੋਂਦਾ ਸਾਂ ਆਪਣੀ ਨੀਂਦੇ,
ਉਠਦਾ ਸਾਂ ਆਪਣੀ ਨੀਂਦੇ,
ਐਵੇਂ ਹੀ ਜਾਨ ਆਪਣੀ
ਨੂੰ ਰੋਗ ਲਾ ਲਿਆ ਏ ।

ਦੇਵਾਂ ਨਾ ਮਾਨ ਕੀਕਣ
ਸੀਨੇ ਦੇ ਛਾਲਿਆਂ ਨੂੰ,
ਨੈਣਾਂ ਦਾ ਨੂਰ ਦੇ ਕੇ,
ਇਹਨਾਂ ਨੂੰ ਪਾਲਿਆ ਏ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰਤੀਤ ਇੰਜ ਹੁੰਦਾ
ਮੇਰੇ ਹੀ ਆਹਲਣੇ ਤੇ,
ਦੁਨੀਆਂ ਦੀ ਹਰ ਬਲਾ ਨੇ
ਡੇਰਾ ਜਮਾ ਲਿਆ ਏ ।

ਧੁਨ ਦਾ ਰਿਹਾ ਹਾਂ ਪੱਕਾ,
ਅਣਖੀ ਸੁਭਾ ਹੈ ਮੇਰਾ,
ਨਾ ਆਸਰਾ ਲਵਾਂਗਾ
ਨਾ ਆਸਰਾ ਲਿਆ ਏ ।

ਤੱਤੀ ਹਵਾ ਨਾ ਲਗੇ
ਮੇਰੇ ਗਮਾਂ ਨੂੰ ਕਿਧਰੇ,
ਤਾਹੀਓਂ ਗਮਾਂ ਨੂੰ ਸੀਨੇ
ਦੇ ਨਾਲ ਲਾ ਲਿਆ ਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਫਸਾਨਾ ਹੈ ਯਾ ਕਹਾਨੀ ਹੈ
ਜਦ ਬਹਾਰਾਂ ਨੇ ਠੰਡ ਪਾਨੀ ਏਂ ॥

ਚੈਨ ਮੈਨੂੰ ਜੋ ਲੈਣ ਨਾ ਦੇਂਦੀ,
ਪੀੜ ਜਾਗੀ ਕੋਈ ਪੁਰਾਨੀ ਏਂ ॥

ਗ਼ਮ ਨੂੰ ਕਹਿੰਦਾ ਹਾਂ ਹੌਸਲਾ ਦੇ ਦੇ,
ਮੈਂ ਮੁਸੀਬਤ ਦੀ ਪੰਡ ਚਾਨੀ ਏਂ ॥

ਸਿਜਦੇ ਕਾਫ਼ਰ ਨੂੰ ਕਰਨੇ ਪੈਂਦੇ ਨੇ,
ਲੋੜਵੰਦਾਂ ਈ ਮਾਰ ਖਾਨੀ ਏਂ ॥

ਜਿਹੜੀ ਨ੍ਹੇਰੇ ਨੂੰ ਰੌਸ਼ਨੀ ਬਖਸ਼ੇ,
ਰਾਤ ਹੁੰਦੀ ਉਹੀ ਸੁਹਾਨੀ ਏਂ ॥

ਜਦ ਸੁਣਾਨੀ ਸੀ ਜਦ ਸੁਣਾਨੀ ਸੀ
ਹੁਣ ਸੁਣੇ ਵੀ ਤਾਂ ਕੀ ਸੁਣਾਨੀ ਏਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਠੋਕਰਾਂ ਜਿਹੜੇ ਖਾ ਨਹੀਂ ਸਕਦੇ।
ਉਹ ਮੁਕੱਦਰ ਬਣਾ ਨਹੀਂ ਸਕਦੇ ।

ਤੂੰ ਭੁਲਾਵੇਂ ਤਾਂ ਕੋਈ ਉਜ਼ਰ ਨਹੀਂ,
ਤੈਨੂੰ ਚੰਨਾ ਭੁਲਾ ਨਹੀਂ ਸਕਦੇ ।

ਹੌਸਲੇ ਵਲਵਲੇ ਨੇ ਸੀਨੇ ਵਿਚ,
ਪੈਰ ਹੁਣ ਡਗਮਗਾ ਨਹੀਂ ਸਕਦੇ ।

ਕੀ ਭਰੋਸਾ ਉਹਨਾਂ ਮਲਾਹਾਂ ਦਾ,
ਜੋ ਕਿਸੇ ਕੰਢੇ ਲਾ ਨਹੀਂ ਸਕਦੇ।

ਦੂਰ ਬੈਠੇ ਹਾਂ ਫੇਰ ਵੀ ਤੈਨੂੰ,
ਦੂਰ ਬੈਠੇ ਸੁਖਾ ਨਹੀਂ ਸਕਦੇ ।

ਮੇਰੇ ਆਪਣੇ ਹੀ ਮੇਰਿਆ ਰੱਬਾ,
ਮੈਨੂੰ ਆਪਣਾ ਬਣਾ ਨਹੀਂ ਸਕਦੇ ।

ਕੋਈ ਮਹਿਰਮ ਨ ਹੁਣ ਕੋਈ ਦਰਦੀ,
ਦਿਲ ਦੀ 'ਹਸਰਤ' ਸੁਣਾ ਨਹੀਂ ਸਕਦੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਤਾਰੇ ਮਾਂਦ ਪੈ ਗਏ ਨੇ ਸੁਹਾਨੀ ਭੋਰ ਹੋ ਗਈ ਏ।
ਰਤਾ ਪਹਿਲੇ ਹਵਾ ਕੁਝ ਹੋਰ ਸੀ ਹੁਣ ਹੋਰ ਹੋ ਗਈ ਏ।

ਚੜ੍ਹਾਓ ਹਉਕਿਓ ਪੀਂਘਾਂ, ਝੜੀ ਹੈ ਸੌਣ ਭਾਦੋਂ ਦੀ,
ਘਟਾ ਪਹਿਲੇ ਘਟਾ ਸੀ ਹੁਣ ਘਟਾ ਘਨਘੋਰ ਹੋ ਗਈ ਏ।

ਜਿਗਰ ਦੀ ਪੀੜ ਕੀ ਦੱਸਾਂ ਪਤਾ ਕੁਝ ਵੀ ਨਹੀਂ ਲਗਦਾ,
ਕਦੀ ਇਸ ਓਰ ਹੋ ਗਈ ਏ ਕਦੇ ਉਸ ਓਰ ਹੋ ਗਈ ਏ।

ਨ ਖੁਲ੍ਹਦੀ ਏ ਨ ਟੁਟਦੀ ਏ ਨ ਇਸ ਪਾਸੇ ਨ ਉਸ ਪਾਸੇ,
ਬਿਨਾਂ ਗੁੰਝਲ ਦੇ ਗੁੰਝਲਦਾਰ ਮੇਰੀ ਡੋਰ ਹੋ ਗਈ ਏ।

ਮੇਰਾ ਦਾਅਵਾ ਹੈ ਹੁਣ ਮੇਰੀ ਨਜ਼ਰ ਹੈ ਅਰਸ਼ ਤੋਂ ਉਚੀ,
ਉਹ ਕਹਿੰਦੇ ਨੇ ਨਹੀਂ ਤੇਰੀ ਨਜ਼ਰ ਕਮਜ਼ੋਰ ਹੋ ਗਈ ਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਮੈਨੂੰ ਘੂਰ ਕੇ ਸ਼ਰਮਾ ਗਿਆ ਏ।
ਚੁਵਾਤੀ ਹੋਰ ਮੈਨੂੰ ਲਾ ਗਿਆ ਏ।

ਕਦੀ ਸੋਚਾਂ 'ਚ ਵਾਧੇ ਪਾ ਗਿਆ ਏ।
ਕਦੀ ਉਹ ਭੁਲ ਭੁਲੇਖੇ ਆ ਗਿਆ ਏ।

ਬਹਾਰਾਂ ਹੱਸ ਰਹੀਆਂ ਨੇ ਬਾਗ਼ ਅੰਦਰ,
ਮੇਰੇ ਦਿਲ ਦਾ ਕੰਵਲ ਕੁਮਲਾ ਗਿਆ ਏ।

ਕਦੀ ਮੇਰੀ ਵੀ ਔਕੜ ਹੱਲ ਕਰੇਗਾ,
ਜੋ ਮੈਨੂੰ ਔਕੜਾਂ ਵਿਚ ਪਾ ਗਿਆ ਏ।

ਮੈਂ ਵਾਰਾਂ ਕਿਉਂ ਨਾ ਗ਼ਮ ਤੋਂ ਜਾਨ ਅਪਣੀ,
ਇਹ ਮੇਰੇ ਨਾਲ ਰਾਤਾਂ ਜਾਗਿਆ ਏ।

ਨਜ਼ਰ ਸਮਝੀ ਨਹੀਂ ਉਹਦੀ ਨਜ਼ਰ ਨੂੰ,
ਨਜ਼ਰ ਦਾ ਫੇਰ ਟਪਲਾ ਖਾ ਗਿਆ ਏ।

ਇਕੱਲਿਆਂ ਜੀ ਮੇਰਾ ਲਗਦਾ ਨਹੀਂ ਹੁਣ,
ਇਕੱਲਿਆਂ ਜੀ ਮੇਰਾ ਘਬਰਾ ਗਿਆ ਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੌਸ਼ਨੀ ਕੌਲ ਹੈ ਕੀਹ ?
ਕਿਰਨਾਂ ਦਾ ਈ ਰੂਪ ਨਿਖਾਰ ।

ਚੰਨ ਸੂਰਜ ਕੌਲ ਕੀਹ ?
ਜ਼ਰਿਆਂ ਦੀ ਭਖਦੀ ਨੁਹਾਰ ।

ਪਰਬਤਾਂ ਕੌਲ ਹੈ ਕੀਹ ?
ਟਿੱਬੇ ਟੋਏ ਖੱਡਾਂ ਤੇ ਗ਼ਾਰ ।

ਪੱਥਰਾਂ ਕੌਲ ਹੈ ਕੀਹ ?
ਧਰਤ ਲਈ ਬੋਝ ਤੇ ਭਾਰ ।

ਵਾਦੀਆਂ ਕੌਲ ਹੈ ਕੀਹ ?
ਮੌਸਮਾਂ ਦੀ ਖੇਡ ਖਿਡਾਰ ।

ਰਾਂਗਲੀ ਰੁੱਤ ਕੌਲ ਕੀਹ ?
ਹਵਾਵਾਂ ਦੇ ਹੀ ਮਸਤ ਖੁਮਾਰ ।

ਕੌਲ ਤੂਫਾਨਾਂ ਦੇ ਕੀਹ ?
ਲਹਿਰਾਂ ਦੇ ਹੀ ਜੋਸ਼ ਉਭਾਰ ।

ਕੌਲ ਲਹਿਰਾਂ ਦੇ ਹੈ ਕੀਹ ?
ਪਾਣੀਆਂ ਦੇ ਘੋਲ ਘੁਲਾਰ ।

ਪਾਣੀਆਂ ਕੌਲ ਹੈ ਕੀਹ ?
ਸ਼ੂਕਰਾਂ ਤੇ ਸ਼ੋਰ ਹਜ਼ਾਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਸਨ ਦੇ ਕੋਲ ਹੈ ਕੀਹ ?
ਮਾਣ ਖੁਦੀ ਨਖਰੇ ਯਾ ਹੰਕਾਰ ।

ਇਸ਼ਕ ਦੇ ਕੋਲ ਤੇ ਹੈ
ਸੌਦਾ ਖਰਾ ਸਿਰ ਦਾ ਵਪਾਰ ।

ਜ਼ਿੰਦਗੀ ਨੂਰ ਦਾ ਥਮ
ਰੌਸ਼ਨੀ ਦਾ ਉੱਚ ਮੀਨਾਰ ।

ਜ਼ਿੰਦਗੀ ਮੇਰੀ ਸਮਝ
ਸੋਚ 'ਚ ਹੈ ਪਰੇਮ ਪਿਆਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਿੰਦਗੀ ਸੁਰਮੇ ਦਾ ਕੋਈ ਕਾਲਾ ਸਿਆਹ ਪਹਾੜ ਨਹੀਂ।
ਜ਼ਿੰਦਗੀ ਹਨ੍ਹੇਰਿਆਂ ਤੇ ਕਾਲਖਾਂ ਦੀ ਧਾੜ ਨਹੀਂ।
ਭਰਮ ਦਾ ਫੱਟ ਨਹੀਂ ਕ੍ਰੋਧ ਦੀ ਇਹ ਨਾੜ ਨਹੀਂ।
ਵਹਿਮ ਦੀ ਘੜਤ ਨਹੀਂ ਖ਼ੌਫ ਦੀ ਇਹ ਘਾੜ ਨਹੀਂ।

ਜ਼ਿੰਦਗੀ ਮਜ਼ਹਬੀ ਜਨੂੰ
ਸ਼ੋਰਸ਼ਾਂ ਦਾ ਰਾਗ ਨਹੀਂ।
ਜ਼ਿੰਦਗੀ ਚੋਰ ਚਤਰ
ਡਾਕੂ ਨਹੀਂ ਘਾਗ ਨਹੀਂ।

ਜ਼ਿੰਦਗੀ ਕਾਇਰਾਂ ਦੇ ਵਾਂਗ ਲਾਈ ਲੱਗ ਤੇ ਨਹੀਂ।
ਜ਼ਿੰਦਗੀ ਬੁਜ਼ਦਿਲਾਂ ਦਾ ਪਟਕਾ ਨਹੀਂ ਪੱਗ ਤੇ ਨਹੀਂ।
ਜ਼ਿੰਦਗੀ ਔਗਣਾਂ ਦਾ ਆਲਾ ਨਹੀਂ ਮੱਗ ਤੇ ਨਹੀਂ।
ਆੜ ਦਾ ਬੁਲਬੁਲਾ ਨਹੀਂ ਔਲੂ ਦੀ ਇਹ ਝੱਗ ਤੇ ਨਹੀਂ।

ਜ਼ਿੰਦਗੀ ਔਕੜਾਂ ਨੂੰ
ਆਪ ਹੀ ਲਲਕਾਰਦੀ ਏ।
ਜ਼ਿੰਦਗੀ ਨ੍ਹੇਰਿਆਂ 'ਚੋਂ
ਚਾਨਣੇ ਨੂੰ ਨਿਖਾਰਦੀ ਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਿੰਦਗੀ ਉਦਮਾਂ ਅਤੇ ਹਿੰਮਤਾਂ ਦੀ ਜਾਨ ਦੀ ਜਾਨ।
ਜ਼ਿੰਦਗੀ ਗਗਨਾਂ ਤੋਂ ਵੀ ਦੂਰ ਪਰ੍ਹੇ ਉਚ ਉਡਾਣ।
ਜ਼ਿੰਦਗੀ ਆਪ ਈ ਏ ਕਾਲੀ ਘਟਾ ਬਿਜਲੀ ਤੂਫਾਨ।
ਜ਼ਿੰਦਗੀ ਹੌਸਲੇ ਦੀ ਅੱਖ ਦਾ ਏ ਨੁਕਤਾ ਨਿਸ਼ਾਨ।

ਜ਼ਿੰਦਗੀ ਕਿਰਤੀਆਂ ਦੇ
ਹਥੌੜਿਆਂ ਦੀ ਗੂੰਜ ਗੁੰਜਾਰ।
ਜ਼ਿੰਦਗੀ ਇਲਮ,ਹੁਨਰ,ਕਸਬ,
ਕਿਰਤ, ਸੰਦ, ਔਜ਼ਾਰ ।

ਜ਼ਿੰਦਗੀ ਸ਼ਾਇਰਾਂ ਦੀ ਸੂਝ ਦੀ ਏ ਉਚ ਉਡਾਰ।
ਜ਼ਿੰਦਗੀ ਆਕਲਾਂ ਦੀ ਅਕਲਾਂ ਦਾ ਏ ਭਰਿਆ ਭੰਡਾਰ।
ਜ਼ਿੰਦਗੀ ਮਨ ਦੇ ਮੁਸੱਵਰ ਦਾ ਈ ਏ ਸੋਲਾ ਸਿੰਗਾਰ।
ਜ਼ਿੰਦਗੀ ਦਿਲ ਦੇ ਤਸੱਵਰ ਦਾ ਈ ਏ ਰੂਪ ਆਕਾਰ।

ਜ਼ਿੰਦਗੀ ਸਰਘੀ ਦਾ ਕੋਈ
ਡੁਬਦਾ ਹੋਇਆ ਤਾਰਾ ਨਹੀਂ।
ਸ਼ਾਮਾਂ ਤਿਰਕਾਲਾਂ 'ਚ ਕੋਈ
ਪਾਂਧੀ ਤੇ ਆਵਾਰਾ ਨਹੀਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਿੰਦਗੀ ਸ਼ੂਕਦੇ ਤੂਫ਼ਾਨ ਨੂੰ ਵੰਗਾਰਦੀ ਏ।
ਘੁੰਮਣਾਂ ਘੇਰੀਆਂ ਵਿਚ ਖਿੱਲੀਆਂ ਰੱਜ ਮਾਰਦੀ ਏ।
ਤੋੜਦੀ ਪਰਬਤਾਂ ਨੂੰ ਬਰਫਾਂ ਨੂੰ ਪੰਘਾਰਦੀ ਏ।
ਜ਼ਿੰਦਗੀ ਕਾਰ ਵੀ ਆਕਾਰ ਵੀ ਸਾਕਾਰ ਵੀ ਏ।

ਅਣਖ ਹੈ ਰਾਖਿਆਂ ਗਲ
ਸਿਦਕ ਮੜ੍ਹੀ ਰਖ ਹੈ ਇਹ।
ਅਣਖ ਦਾ ਸ਼ੁਅਲਾ ਹੈ ਇਹ
ਨਜ਼ਰ ਹੈ ਇਹ ਅੱਖ ਹੈ ਇਹ।

ਜ਼ਿੰਦਗੀ ਸਿਦਕ ਸਬਰ ਸਿਰੜ ਵੀ ਮਗ਼ਰੂਰ ਵੀ ਏ।
ਚੱਕ ਦੀ ਧੁਨ ਵੀ ਏ ਦਾਰ ਤੇ ਮਨਸੂਰ ਵੀ ਏ।
ਸ਼ਮ੍ਹਾਂ ਵੀ ਪਰਵਾਨਾ ਵੀ ਏ ਨਾਰ ਵੀ ਏ ਨੂਰ ਵੀ ਏ।
ਰਾਠ ਵੀ ਜੱਟ ਵੀ ਏ ਰਾਜ ਵੀ ਮਜ਼ਦੂਰ ਵੀ ਏ।

ਚੰਨ ਦੇ ਨੇੜੇ ਵੀ ਏ
ਤਾਰਿਆਂ ਤੋਂ ਦੂਰ ਵੀ ਏ।
ਹੁਸਨ ਤੇ ਇਸ਼ਕ ਵੀ ਏ
ਤੌਰ ਵੀ ਏ ਤੂਰ ਵੀ ਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਕੇਂਦਰੀ ਸਾਹਿਤ ਸਭਾ ਨੂੰ ਇਸ ਗੱਲ ਦਾ ਅਭਿਮਾਨ ਹੈ ਕਿ ਇਸ ਸੰਸਥਾ ਵਲੋਂ ਪੰਜਾਬੀ ਦੇ ਪ੍ਰਸਿਧ ਗ਼ਜ਼ਲ-ਗੋ, ਪੰਡਤ ਮੁਨਸ਼ੀ ਰਾਮ ਜੀ 'ਹਸਰਤ' ਦੀਆਂ ਗ਼ਜ਼ਲਾਂ ਦਾ ਸੰਗ੍ਰਹਿ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਤ ਕਰਨ ਦਾ ਅਵਸਰ ਪ੍ਰਾਪਤ ਹੋਇਆ ਹੈ। ''ਹਸਰਤਾਂ'' ਪੰਜਾਬੀ ਸਾਹਿਤ ਵਿਚ ਨਰੋਇਆ ਤੇ ਬਹੁਮੁੱਲਾ ਵਾਧਾ ਹੈ। ਇਹ ੧੯੭੮ ਦੀ ਬਹੁਮੁੱਲੀ ਸੁਗਾਤ ਹੈ।

ਮਨੋਹਰ ਸਿੰਘ 'ਮਾਰਕੋ'
੧-੧-੧੯੭੮ ਪ੍ਰਧਾਨ, ਕੇਂਦ੍ਰੀ ਪੰਜਾਬੀ ਸਾਹਿਤ ਸੰਮੇਲਨ

ਐ 'ਚਰਖ' ਦਿਲ ਕੀ ਧੜਕਨੇਂ ਕਹਿਤੀ ਹੈਂ ਬਾਰ ਬਾਰ,
ਜ਼ਾਹਿਰ ਹੈਂ ਸ਼ੇਅਰ ਸ਼ੇਅਰ ਸੇ, 'ਹਸਰਤ' ਕੀ ''ਹਸਰਤੇਂ''

'ਚਰਖ' ਚਨਿਓਟੀ
੫-੧-੧੯੭੮

ਮੈਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਹਾਂ ਕਿ 'ਹਸਰਤਾਂ' ਦਾ ਖਰੜਾ ਮੈਨੂੰ ਸਭ ਤੋਂ ਪਹਿਲਾਂ ਪੜ੍ਹਣ ਦਾ ਸੁਭਾਗ ਪ੍ਰਾਪਤ ਹੋਇਆ। ਪੰਜਾਬੀ ਗ਼ਜ਼ਲ ਬਾਰੇ ਮੇਰੇ ਦਿਲ ਵਿਚ ਜੋ ਵੀ ਹਸਰਤਾਂ ਸਨ, ਸਭ ਇਹਨਾਂ 'ਹਸਰਤਾਂ' ਨੂੰ ਪੜ੍ਹ ਕੇ ਮੁਕਤ ਹੋ ਗਈਆਂ ਹਨ। ਹਸਰਤ ਜੀ ਦੀ ਇਹ ੧੯੭੮ ਦੀ ਸ਼ਾਨਦਾਰ ਦੇਣ ਹੈ।

ਓਮ ਪ੍ਰਕਾਸ਼ ਬਜਾਜ ਐਮ.ਏ.

'ਹਸਰਤ' : ਯਾਰਾਂ ਦਾ ਯਾਰ ਤੇ ਮੇਰੀ ਕਲਪਨਾ ਦਾ ਭੰਡਾਰ, ਖਬਰੇ ਮੇਰੀਆਂ ਕਿੰਨੀਆਂ ਕਵਿਤਾਵਾਂ ਤੇ ਕਹਾਣੀਆਂ 'ਹਸਰਤ' ਜੀ ਦੀ ਅਗਵਾਈ ਸਦਕਾ ਆਪਣੇ ਅਸਲੇ ਤਕ ਅਪੜੀਆਂ। ਉਨ੍ਹਾਂ ਦੀ ਪ੍ਰਥਮ ਰਚਨਾ ਨੂੰ ਮੇਰਾ ਨਮਸਕਾਰ।

ਦਵਿੰਦਰ ਸਤਿਆਰਥੀ
੧-੧-੧੯੭੮

''ਹਸਰਤਾਂ'' ਨੂੰ ਪੜ੍ਹਦਿਆਂ ਹੀ ਹਸਰਤ ਜੀ ਦੇ ਜਿਸ ਦਿਲ ਵਿਚੋਂ ਇਹਨਾਂ ਹਸਰਤਾਂ ਦਾ ਪ੍ਰਕਾਸ਼ ਹੋਇਆ ਹੈ, ਉਹ ਆਪ ਮੁਹਾਰੇ ਟਟੋਲਣ ਤੇ ਜੀਅ ਤੜਫ ਉਠਦਾ ਹੈ।

ਸ਼ਾਲਾ ! ਇਹ ਕੋਮਲ ਦਿਲ ਸਲਾਮਤ ਰਹੇ।

ਹਰਬੰਸ ਸਿੰਘ ''ਭੰਡਾਰੀ''
੬-੧-੧੯੭੮ ਮੈਨੇਜਰ, ਮਾਡਲ ਬੀ.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਸਰਤ ਸਾਹਿਬ ਨੇ ਇਹਨਾਂ ਰਚਨਾਵਾਂ ਵਿਚ ਆਪਣੇ ਨਰੇਏ ਢੰਗ ਨਾਲ ਪ੍ਰੀਵਰਤਨ ਲਿਆਂਦਾ ਹੈ ਅਤੇ ਪੁਰਾਣੀਆਂ ਲੀਹਾਂ ਨੂੰ ਪਛਾੜ ਕੇ ਰਖ ਦਿਤਾ ਹੈ।

ਡਾ: ਕਾਲਾ ਸਿੰਘ ਬੇਦੀ
ਐਮ. ਏ. ਪੀ. ਐਚ. ਡੀ.
੨-੧-੧੯੭੮

'ਹਸਰਤ' ਜੀ ਦੇ ਅੰਦਾਜ਼ੇ ਬਿਆਨ ਵਿਚ ਕਹਿਰਾਂ ਦੀ ਕਸ਼ਿਸ਼ ਹੈ ਅਤੇ ਆਪ ਦੇ ਕ਼ਲਾਮ ਵਿਚ ਆਖ਼ਰਾਂ ਦੀ ਇਨਕਲਾਬੀ ਤਾਕਤ।

ਡਾ. ਗੁਰਚਰਨ ਸਿੰਘ 'ਅਰਸ਼ੀ'
ਐਮ. ਏ. ਪੀ. ਐਚ. ਡੀ.
੧੧-੧-੧੯੭੮

ਮੈਂ ਇਹ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜੇ 'ਹਸਰਤ' ਸਾਹਿਬ ਅੱਜ ਇਹ ਕਹਿਣ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ ਕਿ : 'ਚਮਨ ਮੇਂ ਹਰ ਤਰਫ
ਬਿਖਰੀ ਹੁਈ ਹੈ ਦਾਸਤਾਂ ਮੇਰੀ ।'

ਸਰਸ਼ਾਰ ਹੁਸ਼ਿਆਰਪੁਰੀ
ਬੀ. ਏ. ਆਨਰਜ਼
੨-੧-੧੯੭੮

'ਹਸਰਤ' ਸਾਹਿਬ ਦੀਆਂ ਹਸਰਤਾਂ ਵਿਚ ਜੋ ਵਲਵਲਾ ਭਰਿਆ ਪਿਆ ਹੈ, ਉਹ ਕੋਈ ਦਿਲ ਵਾਲਾ ਹੀ ਆਪਣਾ ਕਲੇਜਾ ਮੁਠ ਵਿਚ ਲੈ ਕੇ ਅਨੁਭਵ ਕਰ ਸਕਦਾ ਹੈ।

ਮੋਹਨ ਸਿੰਘ ਬੈਰੀ, ਐਮ. ਏ.
ਜਨਰਲ ਸੈਕਟਰੀ, ਕੇਂਦਰੀ ਪੰਜਾਬੀ ਸਾਹਿਤ ਸੰਮੇਲਨ

'ਹਸਰਤਾਂ' ਇਕ ਅਜਿਹਾ ਸੰਗ੍ਰਹਿ ਹੈ ਜੋ ਪੰਜਾਬੀਅਤ ਦੀ ਚਾਸ਼ਨੀ ਰਾਹੀਂ ਦਿਲਾਂ ਦੀ ਸਾਂਝੀ ਧੜਕਨ ਦਾ ਤਾਲ ਹੈ। ਹਰ ਸ਼ੇਅਰ ਇਕ ਅਨੂਠੇ ਰੰਗ ਨੂੰ ਉਘਾੜਦਾ ਹੈ। ਹਰ ਗਜ਼ਲ ਇਕ ਨਵੇਕਲੇ ਪੱਖ ਨੂੰ ਮੂਰਤੀਮਾਨ ਕਰਦੀ ਹੈ।

ਪਿਆਰਾ ਸਿੰਘ, ਐਮ. ਏ.
੪ ਜਨਵਰੀ ੧੯੭੮

CC-0. In Public Domain. Gurukul Kangri Collection, Haridwar

aj Foundation C

ऋषि दयानन्द

n. Gurukul Kang